
# ਸਿੱਖ ਧਰਮ



ਮੁਫਤ ਸੇਵਾ



**ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥**
**ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥**
**ਗੁਰੂ ਗ੍ਰੰਥ ਜੀ ਮਾਨਿਉ, ਪ੍ਰਗਟ ਗੁਰਾਂ ਕੀ ਦੇਹ॥**
**ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ॥**

**ਜ਼ਰੂਰੀ ਬੇਨਤੀ**

ਇਸ ਪੁਸਤਕ ਵਿੱਚ ਸਿੱਖ ਇਤਿਹਾਸ ਤੋਂ ਇਲਾਵਾ ਗੁਰਬਾਣੀ ਦੀਆਂ ਰਚਨਾਵਾਂ ਅਤੇ ਸਿੱਖ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਹਨ, ਇਸ ਲਈ ਅਸੀਂ ਸਾਰੇ ਪੜ੍ਹਨ ਵਾਲਿਆਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਪੁਸਤਕ ਦੀ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਸੰਭਾਲ ਕਰਨੀ ਅਤੇ ਆਪ ਪੜ੍ਹ ਕੇ ਦੂਸਰੇ ਲੋਕਾਂ ਨੂੰ ਪੜ੍ਹਨ ਲਈ ਦੇ ਦੇਣਾ ਜੀ।

# ਸਿੱਖ ਧਰਮ

ਮੁਫਤ ਸੇਵਾ

ਪਹਿਲੀ ਐਡੀਸ਼ਨ 2012
ਦੂਜੀ ਐਡੀਸ਼ਨ 2013
ਮੁਫਤ ਪ੍ਰਚਾਰ ਹਿੱਤ

ਛਪਾਈ ਅਤੇ ਜਿਲਦਸਾਜੀ ਭਾਰਤ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ। ਫੋਨ +91-183-5011003, 2542346
Email : csjssales@hormail.com, csjspurchase@yahoo.com Web Site : csjs.com

# ਤਤਕਰਾ


| | | |
|---|---|---|
| 1. | ਸਿੱਖ ਧਰਮ | 1 |
| 2. | ਸ੍ਰੀ ਗੁਰੂ ਨਾਨਕ ਦੇਵ ਜੀ | 3 |
| 3. | ਸ੍ਰੀ ਗੁਰੂ ਅੰਗਦ ਦੇਵ ਜੀ | 4 |
| 4. | ਸ੍ਰੀ ਗੁਰੂ ਅਮਰਦਾਸ ਜੀ | 5 |
| 5. | ਸ੍ਰੀ ਗੁਰੂ ਰਾਮਦਾਸ ਜੀ | 7 |
| 6. | ਸ੍ਰੀ ਗੁਰੂ ਅਰਜਨ ਦੇਵ ਜੀ | 8 |
| 7. | ਸੀ ਗੁਰੂ ਹਰਿਗੋਬਿੰਦ ਸਾਹਿਬ ਜੀ | 9 |
| 8. | ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 10 |
| 9. | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 11 |
| 10. | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 12 |
| 11. | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 13 |
| 12. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 15 |
| 13. | ਮਾਤਾ ਸਾਹਿਬ ਕੌਰ ਜੀ | 16 |
| 14. | ਪੰਜ ਪਿਆਰੇ | 17 |
| 15. | ਚਾਰ ਸਾਹਿਬਜ਼ਾਦੇ | 17 |
| 16. | ਸਿੱਖ ਇਤਿਹਾਸ | 18 |
| 17. | ਸਿੱਖ ਸ਼ਹੀਦ | 20 |
| 18. | ਤਖ਼ਤ | 22 |
| 19. | ਖਾਲਸੇ ਦੀ ਸਿਰਜਣਾਂ | 24 |
| 20. | ਖੰਡਾ (ਸਿੱਖ ਧਰਮ ਦੀ ਨਿਸ਼ਾਨੀ) | 26 |
| 21. | ੧ੴ (ਸਿੱਖਾਂ ਦਾ ਧਾਰਮਿਕ ਚਿੰਨ੍ਹ) | 26 |
| 22. | ਪੰਜ ਕਕਾਰ ਤੇ ਉਨ੍ਹਾਂ ਦੀ ਮਹਾਨਤਾ | 27 |
| 23. | ਅੰਮ੍ਰਿਤ (ਸਿੱਖ ਪਾਹੁਲ) | 28 |
| 24. | ਨਾਮਕਰਨ ਰਸਮ | 29 |
| 25. | ਅਰਦਾਸ | 30 |
| 26. | ਵਾਕ | 31 |
| 27. | ਜੀਵਨ ਬਿਓਰਾ ਦਸ ਗੁਰੂ ਸਾਹਿਬਾਨ | 32 |
| 28. | ਸਿੱਖ ਕੌਮੀ ਤਰਾਨਾ (ਸਿੱਖ ਕੌਮੀ ਗੀਤ) | 36 |
| 29. | ਗੁਰਮੁਖੀ ਅੱਖਰ | 37 |

ੴ

ਸਤਿ ਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ

ਅਜੂਨੀ ਸੈਭੰ

ਗੁਰ ਪ੍ਰਸਾਦਿ ॥

# ਸਿੱਖ ਧਰਮ

ਸੰਸਾਰ ਦੇ ਸਾਰਿਆਂ ਧਰਮਾਂ ਵਿੱਚ ਸਿੱਖ ਧਰਮ ਸਭ ਤੋਂ ਛੋਟੀ ਉਮਰ ਦਾ ਹੈ। ਇਸ ਦਾ ਇਤਿਹਾਸ ਸੰਨ 1469 ਈ: ਨੂੰ ਸ਼ੁਰੂ ਹੁੰਦਾ ਹੈ, ਜਦੋਂ ਇਸ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਲਵੰਡੀ ਵਿਖੇ ਅਵਤਾਰ ਹੋਇਆ ਸੀ, ਜਿਸ ਨੂੰ ਨਨਕਾਣਾ ਸਾਹਿਬ (ਹੁਣ ਪਾਕਿਸਤਾਨ ਵਿਖੇ) ਆਖਿਆ ਜਾਂਦਾ ਹੈ। ਸਿੱਖ ਇੱਕ ਪਰਮਾਤਮਾ ਨੂੰ ਮੰਨਦੇ ਹਨ ਤੇ ਗੁਰੂ ਉਨ੍ਹਾਂ ਦੇ ਰੂਹਾਨੀ ਅਧਿਆਪਕ ਹਨ। ਉਨ੍ਹਾਂ ਦੇ ਧਾਰਮਿਕ ਅਸਥਾਨਾਂ ਨੂੰ ਗੁਰਦੁਆਰੇ ਕਰਕੇ ਜਾਣਿਆ ਜਾਂਦਾ ਹੈ ਤੇ ਪੰਜ ਇਤਿਹਾਸਕ ਗੁਰਦੁਆਰਿਆਂ ਨੂੰ ਤਖ਼ਤ ਸਾਹਿਬ ਆਖਿਆ ਜਾਂਦਾ ਹੈ।

## ਸਿੱਖ ਕੌਣ ਹੈ?

ਸਿੱਖ ਉਹੀ ਹੈ ਜੋ ਮੰਨਦਾ ਹੈ :

(ੳ) ਇੱਕ ਪਰਮਾਤਮਾ ਨੂੰ,

(ਅ) ਦਸਾਂ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਨੂੰ,

(ੲ) ਪੂਜਨੀਕ ਪਵਿੱਤ੍ਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ,

(ਸ) ਸਿੱਖ-ਪਾਹੁਲ 'ਅੰਮ੍ਰਿਤ' ਦੀ ਲੋੜ ਨੂੰ।

## ਸਿੱਖ ਪੰਥ ਦੇ ਥੰਮ੍ਹ :

(ੳ) ਪਰਮਾਤਮਾ ਦੀ ਇੱਕਰੂਪਤਾ (ਕਿ ਸਾਰੀ ਮਨੁੱਖਤਾ ਦਾ ਇੱਕੋ ਪਿਤਾ ਹੈ।)

(ਅ) ਨਿਰੰਕਾਰ ਦੀ ਬੰਦਗੀ ਤੋਂ ਇਲਾਵਾ ਸਿੱਖੀ ਵਿੱਚ ਬੁੱਤ-ਪੂਜਾ ਦੀ ਸਖਤ ਮਨਾਹੀ ਹੈ।

(ੲ) ਹਰ ਵੇਲੇ ਸਿਮਰਨ (ਇੱਕ ਸਿੱਖ ਨੂੰ ਹਰੇਕ ਦਿਨ ਤਿੰਨ ਵੇਲੇ-ਅੰਮ੍ਰਿਤ ਵੇਲੇ, ਸ਼ਾਮ ਵੇਲੇ ਤੇ ਰਾਤ ਨੂੰ ਬਾਣੀ ਦਾ ਪਾਠ ਜ਼ਰੂਰੀ ਹੈ।)

(ਸ) ਸਤਿਵਾਦੀ ਜੀਵਨ (ਇੱਕ ਸਿੱਖ ਵਾਸਤੇ ਈਮਾਨਦਾਰੀ ਦਾ ਜੀਵਨ, ਹੋਰਨਾਂ ਦੀ ਮਦਦ ਅਤੇ ਗਰੀਬ ਤੇ ਲੋੜਵੰਦਾਂ ਦੀ ਸੇਵਾ-ਸੰਭਾਲ ਲਾਜ਼ਮੀ ਹੈ।)

(ਹ) ਵੰਡ ਕੇ ਛੱਕਣਾ (ਸਿੱਖ ਲਈ ਆਪਣੀ ਕਮਾਈ ਵਿਚੋਂ ਨੇਕ ਕੰਮਾਂ ਵਾਸਤੇ ਦਸਵੰਧ ਕੱਢਣਾ ਲਾਜ਼ਮੀ ਹੈ।)

## ਸਿੱਖ ਦਾ ਨਿਸ਼ਚਾ :

ਸਿੱਖ ਵਿਸ਼ਵਾਸ ਕਰਦੇ ਹਨ ਕਿ :-

(ੳ) ਸਾਰਿਆਂ ਗੁਰੂ ਸਾਹਿਬਾਨਾਂ ਵਿਚ ਇਕ ਜੋਤ ਵਿਆਪਕ ਹੈ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਨ੍ਹਾਂ ਦੇ ਜੀਵਤ ਗੁਰੂ ਹਨ।

(ੲ) ਸ੍ਰੀ ਅਕਾਲ ਤਖਤ ਸਾਹਿਬ ਦੇ ਫੁਰਮਾਨ (ਸਿੱਖ ਤਖ਼ਤਾਂ ਦੇ ਪੰਜ ਮੁੱਖ ਗ੍ਰੰਥੀ ਗੁਰਮਤਾ ਪਾਸ ਕਰਦੇ ਹਨ) ਅਟੱਲ ਹਨ।

(ਸ) ਵਿਅਕਤੀਗਤ ਅਰਦਾਸ ਨਾਲੋਂ ਸੰਗਤ ਅਰਦਾਸ ਵਧੇਰੇ ਮਹੱਤਵਪੂਰਨ ਹੈ।

(ਹ) ਜਨਮ-ਮਰਨ ਦੇ ਗੇੜ ਤੋਂ ਛੁਟਕਾਰੇ ਵਾਸਤੇ ਸਤਿਵਾਦੀ ਜੀਵਨ, ਭਜਨ-ਸਿਮਰਨ ਅਤੇ ਨੇਕ ਕੰਮ ਜ਼ਰੂਰੀ ਹਨ।

## ਨਿਤਨੇਮ ਦੀਆਂ ਬਾਣੀਆਂ :-

ਸਿੱਖਾਂ ਦੀਆਂ ਨਿਤਨੇਮ ਦੀਆਂ ਬਾਣੀਆਂ ਅਤੇ ਸਮੇਂ ਇਸ ਤਰ੍ਹਾਂ ਹਨ:-

### (ੳ) ਅੰਮ੍ਰਿਤ ਵੇਲੇ ਦੀਆਂ ਬਾਣੀਆਂ :-

1. **ਜਪੁ ਜੀ ਸਾਹਿਬ** : ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੁਆਰਾ ਰਚਿਤ।
2. **ਜਾਪੁ ਸਾਹਿਬ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਰਚਿਤ।
3. **ਤ੍ਵ ਪ੍ਰਸਾਦਿ ਸਵੱਯੇ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਰਚਿਤ (ਇਹ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਹਰ ਇੱਕ ਸਿੱਖ ਲਈ ਜ਼ਰੂਰੀ ਹਨ।)
4. **ਚੌਪਈ ਸਾਹਿਬ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਰਚਿਤ।
5. **ਅਨੰਦ ਸਾਹਿਬ** : ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੁਆਰਾ ਰਚਿਤ (ਜੇਕਰ ਕੋਈ ਸਿੱਖ ਇਹਨਾਂ ਪੰਜਾਂ ਬਾਣੀਆਂ ਦਾ ਅੰਮ੍ਰਿਤ ਵੇਲੇ ਪਾਠ ਕਰਦਾ ਹੈ ਤਾਂ ਇਸ ਦਾ ਵਧੇਰੇ ਫਲ ਪ੍ਰਾਪਤ ਹੁੰਦਾ ਹੈ।)

### (ਅ) ਸ਼ਾਮ ਵੇਲੇ ਦੀਆਂ ਬਾਣੀਆਂ :-

1. **ਰਹਰਾਸਿ ਸਾਹਿਬ** : (ਸ੍ਰੀ ਗੁਰੂ ਨਾਨਕ ਦੇਵ ਜੀ , ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਦਾ ਸੰਗ੍ਰਹਿ।)

### (ੲ) ਰਾਤ ਦੀਆਂ ਬਾਣੀਆਂ :

1. **ਕੀਰਤਨ ਸੋਹਿਲਾ** : (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਬਾਣੀਆਂ ਦਾ ਸੰਗ੍ਰਹਿ।)

ਅਨੇਕਾਂ ਸਿੱਖ ਸ਼ਰਧਾ ਤੇ ਪਿਆਰ ਨਾਲ ਇੱਕ ਤੋਂ ਜ਼ਿਆਦਾ ਜਪੁ ਜੀ ਸਾਹਿਬ, ਸੁਖਮਨੀ ਸਾਹਿਬ, ਆਸਾ ਦੀ ਵਾਰ ਅਤੇ ਅਨੇਕਾਂ ਹੋਰ ਬਾਣੀਆਂ ਦਾ ਵੀ ਪਾਠ ਕਰਦੇ ਹਨ।

ਪਾਠ ਧਿਆਨ ਅਤੇ ਸਾਵਧਾਨ ਹੋ ਕੇ ਕਰਨਾ ਚਾਹੀਦਾ ਹੈ।

ਪ੍ਰਭੂ ਦੀ ਯਾਦ ਹਰ ਸਮੇਂ ਬਣੀ ਰਹਿਣੀ ਚਾਹੀਦੀ ਹੈ, ਜਿਵੇਂ ਕਿ ਸਤਿਗੁਰਾਂ ਦਾ ਉਪਦੇਸ਼ ਹੈ, “ਸਾਸਿ ਸਾਸਿ ਸਿਮਰਹੁ ਗੋਬਿੰਦ॥”

“ਅੰਮ੍ਰਿਤੁ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥”

ਅੰਮ੍ਰਿਤ ਵੇਲਾ ਟਿਕਾਉ ਦਾ ਸਮਾਂ ਹੁੰਦਾ ਹੈ, ਜੇਕਰ ਅਸੀਂ ਇਸ ਸਮੇਂ ਉਠ ਕੇ ਨਾਮ ਸਿਮਰਨ, ਗੁਰਬਾਣੀ ਦਾ ਪਾਠ ਕਰੀਏ ਤਾਂ ਮਨ ਘੱਟ ਖਿੰਡਦਾ ਹੈ।



# ਸ੍ਰੀ ਗੁਰੂ ਨਾਨਕ ਦੇਵ ਜੀ

### ਪਹਿਲੀ ਪਾਤਸ਼ਾਹੀ, ਸਿੱਖ ਧਰਮ ਦੇ ਮੋਢੀ
(ਸੰਨ 1469–1539 ਈ:)



**ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਹਨ।** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਖੰਡਾਂ ਅਤੇ ਅੰਧ-ਵਿਸ਼ਵਾਸਾਂ ਵਿਚ ਜੁੜੇ ਹੋਏ ਸੰਸਾਰ ਨੂੰ ਸੱਚਾ ਜੀਵਨ ਜੀਊਣ ਵਾਸਤੇ ਸੱਚ ਦੀ ਬਾਣੀ ਅਤੇ ਸੱਚ ਦਾ ਚਾਨਣ ਮੁਨਾਰਾ ਬਖਸ਼ਿਆ। ਉਨ੍ਹਾਂ ਦਾ ਜਨਮ ਤਲਵੰਡੀ ਨਾਂ ਦੇ ਛੋਟੇ ਜਿਹੇ ਪਿੰਡ ਵਿਚ ਸੰਨ 1469 ਈ: ਨੂੰ ਹੋਇਆ ਸੀ। ਵਿਆਹ ਤੋਂ ਬਾਅਦ ਉਨ੍ਹਾਂ ਦੇ ਘਰ ਦੋ ਸਾਹਿਬਜ਼ਾਦੇ ਹੋਏ।

ਗੁਰੂ ਨਾਨਕ ਦੇਵ ਜੀ ਨੇ ਅਟੱਲ ਪ੍ਰਮਾਤਮਾ ਅਤੇ ਉਸ ਦੇ ਸੰਦੇਸ਼ ਨੂੰ ਸੰਸਾਰ ਵਿੱਚ ਵੰਡਿਆ। ਉਨ੍ਹਾਂ ਉੱਤਰ ਪਾਸੇ ਚੀਨ, ਦੱਖਣ ਪਾਸੇ ਸ੍ਰੀ ਲੰਕਾ, ਪੱਛਮ ਪਾਸੇ ਮੱਕਾ ਤੇ ਪੂਰਬ ਪਾਸੇ ਢਾਕਾ ਦੀ ਯਾਤਰਾ ਕੀਤੀ। ਉਹ ਜਿੱਥੇ ਵੀ ਗਏ, ਲੋਕਾਂ ਨੇ ਉਨ੍ਹਾਂ ਨੂੰ ਭਰਪੂਰ ਪਿਆਰ ਕੀਤਾ।

**ਉਨ੍ਹਾਂ ਦਾ ਸੰਦੇਸ਼ ਸੀ :-**

(ੳ) ਪ੍ਰਮਾਤਮਾ ਇੱਕ ਹੈ, ਉਹ ਅਜਨਮਾ ਹੈ, ਉਹ ਮੌਤ ਤੋਂ ਪਰ੍ਹੇ ਹੈ, ਉਹ ਨਿਰਵੈਰ ਹੈ, ਉਹ ਸਿਰਜਣਹਾਰ ਹੈ ਅਤੇ ਆਪਣੇ ਆਪ ਪ੍ਰਕਾਸ਼ਮਾਨ ਹੋਇਆ ਹੈ, ਉਹ ਕਿਰਪਾਲੂ ਹੈ, ਉਹ ਦਾਤਾਂ ਦੇਣ ਵਾਲਾ ਹੈ, ਉਹ ਸਰਬ ਵਿਆਪਕ ਹੈ, ਉਹ ਸਰਬ ਸ਼ਕਤੀਮਾਨ ਹੈ ਤੇ ਸਭ ਕੁਝ ਜਾਨਣ ਵਾਲਾ ਹੈ।

(ਅ) ਸਾਰੇ ਮਨੁੱਖ ਬਰਾਬਰ ਹਨ। (ਗੁਰੂ ਜੀ ਨੇ ਹਿੰਦੂਆਂ ਦੇ ਜਾਤ-ਪਾਤ ਦਾ ਖੰਡਨ ਕੀਤਾ।)

(ੲ) ਸਾਰਿਆਂ ਮਨੁੱਖਾਂ ਨੂੰ ਪ੍ਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ ਅਤੇ ਉਸ ਦੀ ਸਿਫਤ-ਸਾਲਾਹ ਕਰਨੀ ਚਾਹੀਦੀ ਹੈ।

(ਸ) ਸਾਰਿਆਂ ਮਨੁੱਖਾਂ ਨੂੰ ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਤੇ ਚੰਗੇ ਕੰਮਾਂ ਲਈ ਦੇਣਾ ਚਾਹੀਦਾ ਹੈ।

(ਹ) ਸਾਰਿਆਂ ਮਨੁੱਖਾਂ ਨੂੰ ਸੱਚਾ-ਸੁੱਚਾ ਅਤੇ ਈਮਾਨਦਾਰੀ ਨਾਲ ਰਹਿਣਾ ਚਾਹੀਦਾ ਹੈ।

(ਕ) ਸ੍ਰੀ ਗੁਰੂ ਨਾਨਕ ਦੇਵ ਜੀ ਨੇ 974 ਸ਼ਬਦਾਂ ਦੀ ਰਚਨਾ ਕੀਤੀ ਅਤੇ ਇਹ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ। ਉਨ੍ਹਾਂ ਕਰਤਾਰਪੁਰ ਨਗਰ ਦੀ ਸਥਾਪਨਾ ਕੀਤੀ , ਜਿੱਥੇ ਉਨ੍ਹਾਂ ਨੇ ਪੁਰਸ਼ ਅਤੇ ਇਸਤ੍ਰੀ ਦੇ ਆਤਮ-ਸਨਮਾਨ, ਪ੍ਰਮਾਤਮਾ ਦੀ ਅਰਾਧਨਾ, ਸੱਚ ਅਤੇ ਇਨਸਾਫ ਦੀ ਇਮਾਰਤ ਦੀ ਸ਼ੁਰੂਆਤ ਕੀਤੀ ਤੇ ਸਭਨਾਂ ਵਿਚ ਬਰਾਬਰੀ ਦਾ ਭਾਵ ਭਰ ਦਿੱਤਾ।

(ਖ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਖੀਰਲਾ ਸਮਾਂ ਕਰਤਾਰਪੁਰ ਵਿਖੇ ਬਿਤਾਇਆ।



# ਸ੍ਰੀ ਗੁਰੂ ਅੰਗਦ ਦੇਵ ਜੀ

**ਦੂਜੀ ਪਾਤਸ਼ਾਹੀ**
**(ਸੰਨ 1504-1552 ਈ:)**

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸ਼ਰਧਾਵਾਨ ਸਿੱਖ ਸਨ। ਜਿਨ੍ਹਾਂ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ। ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਪ੍ਰੀਖਿਆਵਾਂ ਲੈਣ ਤੋਂ ਬਾਅਦ, ਹਰ ਪੱਖੋਂ ਯੋਗ ਸਮਝ ਕੇ ਆਪਣੇ ਅੰਗ ਨਾਲ ਲਾ ਕੇ ਅਤੇ ਅੰਗਦ ਦਾ ਨਾਮ ਬਖਸ਼ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਸਿੱਖਾਂ ਦਾ ਦੂਸਰਾ ਗੁਰੂ ਥਾਪਿਆ। ਉਨ੍ਹਾਂ ਦਾ ਜਨਮ ਸੰਨ 1504 ਈ: ਨੂੰ ਮਤੇ ਦੀ ਸਰਾਂ ਵਿਖੇ ਹੋਇਆ। ਉਨ੍ਹਾਂ ਦਾ ਵਿਆਹ ਮਾਤਾ ਖੀਵੀ ਜੀ ਨਾਲ ਹੋਇਆ ਅਤੇ ਉਨ੍ਹਾਂ ਦੇ ਦੋ ਸਪੁੱਤਰ ਹੋਏ। ਉਹ 35 ਵਰ੍ਹੇ ਦੀ ਉਮਰ ਵਿਚ ਗੁਰੂ ਬਣੇ ਸਨ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਨੂੰ ਜਾਰੀ ਰੱਖਿਆ । ਗੁਰੂ ਸਾਹਿਬ ਜੀ ਨੇ ਸਰੀਰਕ ਅਤੇ ਮਾਨਸਕ ਅਰੋਗਤਾ ਵਾਸਤੇ ਮੱਲ ਅਖਾੜੇ ਬਣਾਏ ਅਤੇ ਧਾਰਮਿਕ ਉੱਨਤੀ ਵਾਸਤੇ ਗੁਰਮੁਖੀ ਲਿੱਪੀ ਬਖਸ਼ੀ।



# ਸ੍ਰੀ ਗੁਰੂ ਅਮਰਦਾਸ ਜੀ

## ਤੀਜੀ ਪਾਤਸ਼ਾਹੀ

(ਸੰਨ 1479-1574)

ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਸਰੇ ਗੁਰੂ ਹਨ। ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਦੇ ਤੀਜੇ ਗੁਰੂ ਦੇ ਰੂਪ ਵਿਚ ਗੁਰਗੱਦੀ ਤੇ ਬਿਰਾਜਮਾਨ ਕੀਤਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ 5 ਮਈ, 1479 ਈ: ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ ਤੇ ਉਨ੍ਹਾਂ ਦੇ ਘਰ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਹੋਈਆਂ। ਉਹ 1540 ਤੋਂ ਲੈ ਕੇ 1552 ਈ: ਤਕ 12 ਵਰ੍ਹੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਜੁੜੇ ਰਹੇ ਅਤੇ 73 ਵਰ੍ਹੇ ਦੀ ਉਮਰ ਵਿਚ ਗੁਰੂ ਬਣੇ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਜਾਰੀ ਰੱਖਿਆ।

ਗੁਰੂ ਜੀ ਨੇ ਗੋਇੰਦਵਾਲ ਵਿਖੇ ਇਕ ਖੂਹ (ਜਿਸ ਨੂੰ ਬਾਉਲੀ ਸਾਹਿਬ ਕਿਹਾ ਜਾਂਦਾ ਹੈ) ਦੀ ਉਸਾਰੀ ਕੀਤੀ ਤੇ ਧਰਮ ਅਤੇ ਜਾਤ ਦੇ ਭੇਦਭਾਵ ਨੂੰ ਦੂਰ ਕਰਦਿਆਂ ਪਾਣੀ ਲੈਣ ਵਾਸਤੇ ਸਾਰਿਆਂ ਲੋਕਾਂ ਨੂੰ ਸੱਦਿਆ। (ਉਨ੍ਹਾਂ ਦਿਨਾਂ ਵਿਚ ਨੀਵੀਂ ਜਾਤ ਦੇ ਲੋਕਾਂ ਵਾਸਤੇ ਵੱਖ ਖੂਹ ਹੁੰਦੇ ਸਨ ਅਤੇ ਉਨ੍ਹਾਂ ਨੂੰ ਉੱਚੀ ਜਾਤ ਵਾਲਿਆਂ ਦੇ ਖੂਹ ਤੋਂ ਪਾਣੀ ਲੈਣ ਦੀ ਮਨਾਹੀ ਸੀ।) ਗੁਰੂ ਸਾਹਿਬ ਜੀ ਨੇ ਬਾਉਲੀ ਵਿਚ ਪੁੱਜਣ ਵਾਸਤੇ 84 ਪੌੜੀਆਂ ਬਣਾਈਆਂ ਅਤੇ ਫੁਰਮਾਇਆ ਕਿ ਜਿਹੜਾ ਮਨੁੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਦਾ ਪਾਠ ਬਾਉਲੀ ਦੀ ਹਰ ਇਕ ਪਉੜੀ ਤੇ ਕਰਕੇ ਇਸ਼ਨਾਨ ਕਰੇਗਾ, ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਵੇਗਾ।

ਗੁਰੂ ਜੀ ਦਾ ਸਿੱਖੀ ਵਾਸਤੇ ਯੋਗਦਾਨ :-

(ੳ) ਗੁਰੂ ਜੀ ਨੇ ਪਹਿਲੇ ਗੁਰੂਆਂ ਵਾਂਗ ਸਮਾਜ ਸੁਧਾਰ ਤੇ ਜ਼ੋਰ ਦਿੱਤਾ ਤੇ ਆਪਣੇ ਜੀਵਨ ਵਿਚ ਜਾਤ-ਪਾਤ, ਪੱਖਪਾਤ ਤੇ ਛੂਤਛਾਤ ਦੇ ਸਰਾਪ ਦਾ ਜ਼ੋਰਦਾਰ ਖੰਡਨ ਕੀਤਾ।

(ਅ) ਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਰੂ ਕੀਤੇ ਗੁਰੂ ਦਾ ਲੰਗਰ ਨੂੰ ਜਾਰੀ ਰੱਖਿਆ, ਜਿੱਥੇ ਅਮੀਰ-ਗਰੀਬ, ਦੋਸਤ ਤੇ ਦੁਸ਼ਮਨ, ਸਾਰੇ ਇਕੋ ਥਾਂ ਬੈਠ ਕੇ ਲੰਗਰ ਛੱਕ ਸਕਦੇ ਸਨ।

(ੲ) ਗੁਰੂ ਅਮਰਦਾਸ ਜੀ ਨੇ ਸਿੱਖਾਂ ਦੀ ਵਿਆਹ ਦੀ ਰਸਮ ਅਨੰਦ ਕਾਰਜ ਨੂੰ ਸ਼ੁਰੂ ਕੀਤਾ।

(ਸ) ਗੁਰੂ ਜੀ ਨੇ ਸਿੱਖ ਇਸਤ੍ਰੀਆਂ ਤੇ ਪੁਰਸ਼ਾਂ ਲਈ ਮੰਜੀ ਪ੍ਰਥਾ ਨੂੰ ਚਾਲੂ ਕੀਤਾ।

(ਹ) ਗੁਰੂ ਜੀ ਨੇ ਹਿੰਦੂਆਂ ਦੀ ਸਤੀ ਪ੍ਰਥਾ ਰਸਮ ਦਾ ਖੰਡਨ ਕੀਤਾ ਤੇ ਉਨ੍ਹਾਂ ਇਸਲਾਮ ਦੀ ਪਰਦੇ ਦੀ ਰਸਮ ਦਾ ਵੀ ਵਿਰੋਧ ਕੀਤਾ ।



# ਸ੍ਰੀ ਗੁਰੂ ਰਾਮਦਾਸ ਜੀ

### ਸਿੱਖਾਂ ਦੇ ਚੌਥੇ ਗੁਰੂ
### (ਸੰਨ 1534-1581)

ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਸਾਹਿਬ ਹਨ। ਉਨ੍ਹਾਂ ਦਾ ਪਹਿਲਾਂ ਨਾਮ ਭਾਈ ਜੇਠਾ ਜੀ ਸੀ । ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸਿੱਖ ਅਤੇ ਸੱਚੇ ਸੇਵਕ ਸਨ । ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਕਈ ਪ੍ਰੀਖਿਆਵਾਂ ਲੈਣ ਤੋਂ ਬਾਅਦ ਸਿੱਖਾਂ ਦੇ ਚੌਥੇ ਗੁਰੂ ਦੇ ਰੂਪ ਵਿੱਚ ਗੁਰਗੱਦੀ ਤੇ ਬਿਰਾਜਮਾਨ ਕੀਤਾ । ਉਨ੍ਹਾਂ ਦਾ ਜਨਮ ਚੂਨਾ ਮੰਡੀ, ਲਾਹੌਰ ਵਿਖੇ ਹੋਇਆ। 19 ਵਰ੍ਹੇ ਦੀ ਉਮਰ ਵਿੱਚ ਉਨ੍ਹਾਂ ਦਾ ਵਿਆਹ ਹੋ ਗਿਆ ਤੇ ਉਨ੍ਹਾਂ ਦੇ ਘਰ 3 ਪੁੱਤਰ ਪੈਦਾ ਹੋਏ ।

## ਗੁਰੂ ਜੀ ਦਾ ਯੋਗਦਾਨ -

(ੳ) ਗੁਰੂ ਜੀ ਨੇ ਅੰਮ੍ਰਿਤਸਰ ਨਗਰ ਦੀ ਨੀਂਹ ਰੱਖੀ ਤੇ ਦੋ ਪਵਿੱਤ੍ਰ ਸਰੋਵਰ ਬਣਵਾਏ, ਜਿਨ੍ਹਾਂ ਨੂੰ ਅੱਜਕਲ੍ਹ ਹਰਿਮੰਦਰ ਸਾਹਿਬ ਦਾ ਸਰੋਵਰ ਅਤੇ ਸੰਤੋਖਸਰ ਸਰੋਵਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

(ਅ) ਗੁਰੂ ਜੀ ਨੇ ਸਿੱਖਾਂ ਦੀ ਅਨੰਦ ਕਾਰਜ ਦੀ ਰਸਮ ਨੂੰ ਪੂਰਾ ਕਰਨ ਵਾਸਤੇ ਲਾਵਾਂ (ਵਿਆਹ) ਬਾਣੀ ਦੀ ਰਚਨਾ ਕੀਤੀ ।

(ੲ) ਗੁਰੂ ਜੀ ਨੇ ਸਿੱਖੀ ਵਿਚ ਵਿਧਵਾਵਾਂ ਦੇ ਪੁਨਰ-ਵਿਆਹ ਵਾਸਤੇ ਇਸਤ੍ਰੀਆਂ ਦੇ ਬਰਾਬਰ ਅਧਿਕਾਰਾਂ ਨੂੰ ਮਨਜ਼ੂਰੀ ਦਿੱਤੀ ।



# ਸ੍ਰੀ ਗੁਰੂ ਅਰਜਨ ਦੇਵ ਜੀ

## ਪੰਜਵੀਂ ਪਾਤਸ਼ਾਹੀ

(ਸੰਨ 1563–1606)

ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਛੋਟੇ ਸਪੁੱਤਰ ਸਨ। ਉਨ੍ਹਾਂ ਦਾ ਜਨਮ ਗੋਇੰਦਵਾਲ ਵਿਖੇ ਹੋਇਆ ਸੀ ਅਤੇ ਉਹ 18 ਵਰ੍ਹੇ ਦੀ ਛੋਟੀ ਉਮਰ ਵਿਚ ਗੁਰੂ ਬਣ ਗਏ। ਉਨ੍ਹਾਂ ਦਾ ਮਾਤਾ ਗੰਗਾ ਜੀ ਨਾਲ ਵਿਆਹ ਹੋਇਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਉਨ੍ਹਾਂ ਦੇ ਇਕੋ–ਇਕ ਸਪੁੱਤਰ ਸਨ। ਉਨ੍ਹਾਂ ਦਾ ਯੋਗਦਾਨ ਸਿੱਖ ਧਰਮ ਵਿੱਚ ਇਕ ਅਦੁਤੀ ਮਿਸਲ ਹੈ।

(ੳ) ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੀ ਰਚਨਾ ਕੀਤੀ, ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ।

(ਅ) ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ।

(ੲ) ਉਨ੍ਹਾਂ ਨੇ ਤਰਨ ਤਾਰਨ ਨਗਰ ਦੀ ਨੀਂਹ ਰੱਖੀ।

(ਸ) ਉਨ੍ਹਾਂ ਨੇ ਜਲੰਧਰ ਵਿਖੇ ਕਰਤਾਰਪੁਰ ਨਗਰ ਦੀ ਸਥਾਪਨਾ ਕੀਤੀ।

(ਹ) ਗੁਰੂ ਜੀ ਨੇ ਸਿਮਰਨ ਦੀ ਤੇ ਪ੍ਰਮਾਤਮਾ ਦੇ ਭਾਣੇ ਨੂੰ ਕਬੂਲ ਕਰਨ ਦੀ ਪ੍ਰੇਰਨਾ ਦਿੱਤੀ। ਪਰ ਜਦੋਂ ਮੁਗਲ ਬਾਦਸ਼ਾਹ ਨੇ ਗੁਰਬਾਣੀ ਦੇ ਸ਼ਬਦਾਂ ਨੂੰ ਬਦਲਣ ਵਾਸਤੇ ਜ਼ੋਰ ਦਿੱਤਾ ਤੇ ਕਿਹਾ ਕਿ ਇਹ ਇਸਲਾਮ ਵਿਰੋਧੀ ਸਾਬਤ ਹੋਵੇਗੀ । ਤਦ ਗੁਰੂ ਸਾਹਿਬ ਨੇ ਇਸ ਤੋਂ ਇਨਕਾਰ ਕੀਤਾ, ਕਿਉਂਕਿ ਗੁਰੂ ਸਾਹਿਬ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਅਕਾਲ ਪੁਰਖ ਦਾ ਸੁਨੇਹਾ ਹੈ ਅਤੇ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ । ਇਸ ਕਾਰਨ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬੈਠਣ ਦਾ ਅਤੇ ਸੀਸ ਉੱਤੇ ਗਰਮ ਰੇਤਾ ਪਾਉਣ ਦਾ ਹੁਕਮ ਕੀਤਾ । ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਰਚਨਾ ਵਿੱਚ ਕੋਈ ਵੀ ਫੇਰ ਬਦਲ ਤੋਂ ਇਨਕਾਰ ਕਰਦੇ ਹੋਏ ਤੇ ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ (ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥) ਸ਼ਹਾਦਤ ਦਿੱਤੀ। ਗੁਰੂ ਸਾਹਿਬ ਸਿੱਖ ਧਰਮ ਦੇ ਪਹਿਲੇ ਸ਼ਹੀਦ ਹਨ।



# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

## ਛੇਵੀਂ ਪਾਤਸ਼ਾਹੀ

## (ਸੰਨ 1595-1644)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਸਪੁੱਤਰ ਸਨ। ਉਨ੍ਹਾਂ ਦਾ ਜਨਮ ਵਡਾਲੀ ਵਿਖੇ ਹੋਇਆ। ਉਨ੍ਹਾਂ ਨੇ ਧਰਮ ਪ੍ਰਚਾਰਕ ਕੇਂਦਰ ਖੋਲ੍ਹੇ ਤੇ ਗੁਰੂ ਸਾਹਿਬਾਨਾਂ ਦੇ ਉਪਦੇਸ਼ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਸਿੱਖ ਧਰਮ ਦੀ ਬੁਲੰਦੀ ਲਈ ਹੇਠ ਲਿਖਿਆ ਯੋਗਦਾਨ ਦਿੱਤਾ ਹੈ :-

(ੳ) ਉਨ੍ਹਾਂ ਮੀਰੀ (ਸ਼ਕਤੀ) ਅਤੇ ਪੀਰੀ (ਭਗਤੀ) ਦਾ ਸੰਕਲਪ ਕੀਤਾ। ਉਨ੍ਹਾਂ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਆਪਣੇ ਸਿੱਖ ਸ਼ਰਧਾਲੂਆਂ ਦੇ ਅੰਦਰ ਰੂਹਾਨੀ ਅਤੇ ਬਹਾਦਰੀ ਭਾਵ ਨਿਰਭੈਤਾ ਦੀ ਭਾਵਨਾ ਭਰ ਦਿੱਤੀ।

(ਅ) ਸਤਿਗੁਰਾਂ ਦੇ ਸਮੇਂ ਤੋਂ ਪ੍ਰਭਾਤ ਫੇਰੀ (ਨਗਰ ਕੀਰਤਨ) ਦੀ ਪ੍ਰਥਾ ਚਾਲੂ ਹੋਈ। ਜਿਸ ਵਿੱਚ ਸਿੱਖ ਇਕੱਠੇ ਹੋ ਕੇ ਪਿੰਡਾਂ ਵਿੱਚ ਅਤੇ ਸ਼ਹਿਰਾਂ ਵਿੱਚ ਘੁੰਮ ਕੇ ਕੀਰਤਨ ਕਰਦੇ ਹਨ ।ਅੱਜ-ਕੱਲ੍ਹ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਉਤਸਵ ਅਤੇ ਹੋਰ ਇਤਿਹਾਸਕ ਦਿਨਾਂ ਤੇ ਨਗਰ ਕੀਰਤਨ ਕੱਢੇ ਜਾਂਦੇ ਹਨ ।

(ੲ) ਗੁਰੂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ, ਜੋ ਸਭ ਤੋਂ ਉੱਚੀ ਅਤੇ ਸੁੱਚੀ ਰੂਹਾਨੀ ਅਦਾਲਤ ਹੈ ਅਤੇ ਹਰ ਇੱਕ ਸਿੱਖ ਨੂੰ ਆਪਣੀ ਫਰਿਆਦ ਕਰਨ ਦਾ ਹੱਕ ਹੈ।

(ਸ) ਗੁਰੂ ਜੀ ਨੇ ਹਿੰਸਾ ਨੂੰ ਰੋਕਣ ਤੇ ਬੁਰਿਆਈ ਦਾ ਮੁਕਾਬਲਾ ਕਰਨ ਵਾਸਤੇ ਫੌਜੀ ਅਭਿਆਸ ਕੀਤਾ।



# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

**ਸਤਵੀਂ ਪਾਤਸ਼ਾਹੀ**
**(ਸੰਨ 1630-1661)**

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤੇ ਸਨ। ਉਨ੍ਹਾਂ ਦਾ ਜਨਮ ਕੀਰਤਪੁਰ ਵਿਖੇ ਹੋਇਆ। ਉਨ੍ਹਾਂ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਸਤਿਗੁਰੂ ਜੀ ਪਸ਼ੂ ਪੰਛੀਆਂ ਨਾਲ ਵੀ ਪਿਆਰ ਕਰਦੇ ਸਨ। ਉਨ੍ਹਾਂ ਦੀ ਸੰਭਾਲ ਵਾਸਤੇ ਸਤਿਗੁਰਾਂ ਨੇ ਚਿੜੀਆ ਘਰ ਅਤੇ ਹਸਪਤਾਲ ਵੀ ਬਣਾਏ। ਮਨੁੱਖੀ ਰੋਗਾਂ ਦੇ ਇਲਾਜ ਵਾਸਤੇ ਸਤਿਗੁਰਾਂ ਨੇ ਆਯੁਰਵੈਦਿਕ ਦਵਾਖਾਨੇ ਵੀ ਖੋਲ੍ਹੇ, ਜਿਨ੍ਹਾਂ ਵਿੱਚ ਹਰ ਤਰ੍ਹਾਂ ਦੀਆਂ ਜੜੀਆਂ ਬੂਟੀਆਂ ਮਿਲਦੀਆ ਸਨ। ਜਦੋਂ ਉਨ੍ਹਾਂ ਦੇ ਵੱਡੇ ਸਪੁੱਤਰ ਰਾਮ ਰਾਇ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਪੰਗਤੀ ਨੂੰ ਬਦਲਣਾ ਚਾਹਿਆ ਤਾਂ ਗੁਰੂ ਜੀ ਨੇ ਉਸ ਨੂੰ ਬੇਦਖਲ ਕਰ ਦਿੱਤਾ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਅਠਵੇਂ ਗੁਰੂ ਵਜੋਂ ਗੁਰਗੱਦੀ ਤੇ ਬਿਰਾਜਮਾਨ ਕੀਤਾ।



# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਅਠਵੀਂ ਪਾਤਸ਼ਾਹੀ

(ਸੰਨ 1656-1664)

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਛੋਟੇ ਸਪੁੱਤਰ ਸਨ। ਉਨ੍ਹਾਂ ਦਾ ਜਨਮ ਕੀਰਤਪੁਰ ਵਿਖੇ ਹੋਇਆ ਤੇ ਉਹ 5 ਵਰ੍ਹੇ ਦੀ ਉਮਰ ਵਿਚ ਗੁਰੂ ਬਣ ਗਏ। ਉਹ ਤਿੰਨ ਸਾਲ ਤਕ ਗੁਰਗੱਦੀ ਉੱਤੇ ਬਿਰਾਜਮਾਨ ਰਹੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 'ਬਾਲ ਗੁਰੂ' ਦੇ ਨਾਮ ਕਰਕੇ ਜਾਣੇ ਜਾਂਦੇ ਹਨ। ਉਨ੍ਹਾਂ ਨੇ ਪਿੰਡ ਪੰਜੋਖੜੇ ਵਿਖੇ ਛੱਜੂ ਝੀਵਰ ਜੋ ਕਿ ਗੂੰਗਾ ਅਤੇ ਬੋਲਾ ਸੀ, ਤੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਵਾ ਕੇ ਵਿਦਵਾਨ ਪੰਡਿਤ ਦੇ ਹੰਕਾਰ ਨੂੰ ਤੋੜਿਆ।

ਸਤਿਗੁਰਾਂ ਨੇ ਆਪਣਾ ਛੋਟਾ ਜਿਹਾ ਜੀਵਨ ਸਿੱਖਾਂ ਦੀ ਸੇਵਾ ਸੰਭਾਲ ਵਾਸਤੇ ਅਰਪਣ ਕੀਤਾ। ਉਨ੍ਹਾਂ ਨੇ ਦਿੱਲੀ ਵਿਖੇ ਚੇਚਕ ਅਤੇ ਹੈਜ਼ੇ ਦੇ ਰੋਗੀਆਂ ਨੂੰ ਚਰਣਾਮਿਤ ਦੇ ਕੇ ਤੰਦਰੁਸਤੀ ਬਖਸ਼ੀ। ਜਿਥੇ ਕਿ ਅੱਜ-ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਸ਼ਸ਼ੋਭਿਤ ਹੈ। ਅੱਜ ਵੀ ਹਜ਼ਾਰਾਂ ਰੋਗੀ ਉਥੋਂ ਸ਼ਰਧਾ ਭਾਵਨਾ ਨਾਲ ਚਰਣਾਮਿਤ ਲੈ ਕੇ ਆਪਣੇ ਦੁੱਖਾਂ ਦੀ ਨਵਿਰਤੀ ਕਰਦੇ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੰਨ 1664 ਈ: ਨੂੰ ਦਿੱਲੀ ਵਿਖੇ ਜੋਤੀ-ਜੋਤ ਸਮਾ ਗਏ ਅਤੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਬਾਲਾ ਸਾਹਿਬ ਸ਼ਸ਼ੋਭਿਤ ਹੈ। ਸਤਿਗੁਰੂ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਐਲਾਨ ਕੀਤਾ 'ਬਾਬਾ ਬਕਾਲੈ', ਜਿਸ ਦਾ ਭਾਵ ਸੀ ਕਿ ਅਗਲੇ ਗੁਰੂ ਪਿੰਡ ਬਕਾਲੇ ਤੋਂ ਹੋਣਗੇ।



# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

## ਨੌਂਵੀਂ ਪਾਤਸ਼ਾਹੀ

(ਸੰਨ 1621-1675)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛੋਟੇ ਸਪੁੱਤਰ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਬਾਬੇ ਸਨ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਖੇ ਹੋਇਆ। ਉਹ 43 ਵਰ੍ਹੇ ਦੀ ਉਮਰ ਵਿਚ ਗੁਰੂ ਬਣੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਉਨ੍ਹਾਂ ਨੇ ਇਕ ਪ੍ਰਮਾਤਮਾ ਦੇ ਸੰਦੇਸ਼ ਨੂੰ ਫੈਲਾਉਣ ਲਈ ਦੂਰ-ਦੂਰ ਤੱਕ ਯਾਤਰਾਵਾਂ ਕੀਤੀਆਂ ਅਤੇ ਪ੍ਰਮਾਤਮਾ ਦਾ ਸੰਦੇਸ਼ ਸਾਰੀ ਮਨੁੱਖਤਾ ਨੂੰ ਦਿੱਤਾ। ਇਕ ਕੁਸ਼ਲ ਤਲਵਾਰਬਾਜ਼ ਵਜੋਂ ਗੁਰੂ ਜੀ ਨੇ ਅਨੇਕਾਂ ਜੰਗਾਂ ਲੜੀਆਂ ਤੇ ਉਹ ਭਗਤੀ ਦੀ ਅਜ਼ਾਦੀ ਦੇ ਅਧਿਕਾਰ ਦੇ ਪੱਕੇ ਵਿਸ਼ਵਾਸੀ ਸਨ। ਇਹ ਕਾਰਨ ਸੀ ਕਿ ਉਨ੍ਹਾਂ ਨੂੰ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਕਾਰਨ ਸ਼ਹੀਦੀ ਦਾ ਸਾਹਮਣਾ ਕਰਨਾ ਪਿਆ, ਬੇਸ਼ਕ ਗੁਰੂ ਜੀ ਹਿੰਦੂਆਂ ਦੇ ਕਾਲਪਨਕ ਬੁੱਤਪੂਜਾ ਅਤੇ ਅੰਧਵਿਸ਼ਵਾਸੀ ਕਰਮਾਂ ਦੇ ਸਖਤ ਖਿਲਾਫ ਸਨ। ਗੁਰੂ ਜੀ ਨੇ ਔਰੰਗਜ਼ੇਬ ਨੂੰ ਸੰਦੇਸ਼ ਭੇਜਿਆ ਕਿ ਜੇ ਬਾਦਸ਼ਾਹ ਪਹਿਲਾਂ ਗੁਰੂ ਨੂੰ ਇਸਲਾਮ ਵਿਚ ਸ਼ਾਮਲ ਕਰ ਲਵੇਗਾ ਤਾਂ ਸਾਰੇ ਸਿੱਖ ਵੀ ਇਸਲਾਮ ਕਬੂਲ ਕਰ ਲੈਣਗੇ । ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਹਰੇਕ ਨੂੰ ਬੇਰਹਿਮੀ ਨਾਲ ਤਸੀਹੇ ਦੇਣ ਪਿਛੋਂ ਸ਼ਹੀਦ ਕਰ ਦਿੱਤਾ ਗਿਆ। ਫਿਰ ਗੁਰੂ ਜੀ ਨੂੰ ਚਾਂਦਨੀ ਚੌਂਕ ਵਿਖੇ ਸਾਰੀ ਦੁਨੀਆਂ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ, ਜਿੱਥੇ ਅੱਜ-ਕਲ੍ਹ ਗੁਰਦੁਆਰਾ ਸੀਸਗੰਜ ਸਾਹਿਬ ਸੁਭਾਇਮਾਨ ਹੈ। ਉਨ੍ਹਾਂ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਤੋਂ ਬਚਾਉਣ ਲਈ ਸ਼ਹੀਦੀ ਦਾ ਜਾਮ ਪੀਤਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵਿਖਾਇਆ ਕਿ ਜ਼ੁਲਮ ਸਹਾਰਨ ਤੇ ਗੁਲਾਮੀ ਦੀ ਜ਼ਿੰਦਗੀ ਤੋਂ ਮਰਨਾ ਬੇਹਤਰ ਹੈ।



# ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਦਸਵੀਂ ਪਾਤਸ਼ਾਹੀ

(ਸੰਨ 1666–1708)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਕਲੌਤੇ ਸਾਹਿਬਜ਼ਾਦੇ ਸਨ। ਗੁਰੂ ਸਾਹਿਬ ਜੀ ਦੀ ਬਹਾਦਰੀ ਬੇਮਿਸਾਲ ਹੈ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਵੀ ਅਪਾਰ ਹਨ। ਉਹ ਖਾਲਸਾ ਪੰਥ ਦੇ ਮੋਢੀ ਅਤੇ ਰਚਨਹਾਰ ਹਨ। ਗੁਰੂ ਸਾਹਿਬ ਜੀ ਅਤੇ ਉਨ੍ਹਾਂ ਦੇ ਬਹਾਦਰ ਸਿੱਖ ਸਿਪਾਹੀਆਂ ਨੇ ਮੁਗਲ ਬਾਦਸ਼ਾਹ ਦੀਆਂ ਤਾਕਤਵਰ ਫੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ ਜੋ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਹੀਆਂ ਸਨ। ਗੁਰੂ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਸਾਰਾ ਸਰਬੰਸ ਕੁਰਬਾਨ ਕੀਤਾ।

ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ (ਉਮਰ 7 ਵਰ੍ਹੇ) ਤੇ ਬਾਬਾ ਫਤਹਿ ਸਿੰਘ ਜੀ (ਉਮਰ 5 ਵਰ੍ਹੇ) ਨੂੰ ਮੁਗਲਾਂ ਨੇ ਜੀਊਂਦਿਆਂ ਹੀ ਦੀਵਾਰ ਵਿਚ ਚਿਣ ਦਿੱਤਾ ਪਰ ਉਨ੍ਹਾਂ ਨੇ ਸਿੱਖੀ ਨਾ ਛੱਡੀ। ਉਹ ਮਾਣ ਅਤੇ ਵਡਿਆਈ ਨਾਲ ਇਸ ਸੰਸਾਰ ਨੂੰ ਛੱਡ ਗਏ ਤੇ ਉਨ੍ਹਾਂ ਦਾ ਨਾਮ ਅਜੇ ਵੀ ਜਿਊਂਦਾ ਹੈ।

ਚਮਕੌਰ ਦੀ ਗੜ੍ਹੀ ਵਿਖੇ ਗੁਰੂ ਸਾਹਿਬ ਜੀ ਸਿਰਫ ਆਪਣੇ 40 ਪਿਆਰੇ ਸਿੰਘ ਸਿਪਾਹੀਆਂ ਨਾਲ ਸਨ, ਜਿਥੇ ਮੁਗਲ ਬਾਦਸ਼ਾਹ ਦੀ ਭਾਰੀ ਫੌਜ ਨੇ ਘੇਰਾ ਪਾਇਆ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਇਸ ਚਮਕੌਰ ਦੀ ਜੰਗ ਵਿੱਚ ਜੂਝਦੇ ਹੋਏ ਸ਼ਹੀਦ ਹੋ ਗਏ ਪਰ ਆਪਣਾ ਧਰਮ ਨਹੀਂ ਛੱਡਿਆ। ਮੁਗਲਾਂ ਦੀਆਂ ਫੌਜਾਂ ਦਾ ਲੱਖਾਂ ਦਾ ਟਿੱਡੀ ਦਲ ਵੀ ਉਨ੍ਹਾਂ ਨੂੰ ਡਰਾ ਧਮਕਾ ਕੇ ਮੁਸਲਮਾਨ ਨਾ ਬਣਾ ਸਕਿਆ। ਇਸ ਤਰ੍ਹਾਂ ਉਹ ਅਜਿੱਤ ਰਹੇ। ਉਹ ਸਿੱਖਾਂ ਵਾਸਤੇ ਮਿਸਾਲ ਹਨ ਅਤੇ ਉਨ੍ਹਾਂ ਨੇ ਸਿੱਧ ਕੀਤਾ ਕਿ ਬਦੀ ਨੂੰ ਵੇਖਦਿਆਂ ਕਦੇ ਹਾਰ ਨਹੀਂ ਮੰਨਣੀ ਚਾਹੀਦੀ। ਉਹ ਸ਼ਾਨ ਅਤੇ ਸਤਿਕਾਰ ਨਾਲ

ਇਸ ਸੰਸਾਰ ਨੂੰ ਛੱਡ ਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੇ ਮੋਢੀ ਹਨ।** ਉਨ੍ਹਾਂ ਹਰੇਕ ਸਿੱਖ ਨੂੰ ਅੰਮ੍ਰਿਤ ਛੱਕਣਾ ਲਾਜ਼ਮੀ ਕਰ ਦਿੱਤਾ ਅਤੇ ਪੰਜ ਕਕਾਰ ਧਾਰਨ ਦਾ ਹੁਕਮ ਦਿੱਤਾ, ਜੋ ਹੇਠ ਲਿਖੇ ਹਨ :-

1. ਕੇਸ
2. ਕੰਘਾ
3. ਕੜਾ
4. ਕਿਰਪਾਨ
5. ਕਛਹਿਰਾ

ਅੰਮ੍ਰਿਤ ਛੱਕਣ ਪਿਛੋਂ ਸਿੱਖ ਖਾਲਸਾ ਸੁਸ਼ੋਭਤ ਹੋਵੇਗਾ ਤੇ ਸਿੰਘ (ਸ਼ੇਰ) ਕਰਕੇ ਜਾਣਿਆ ਜਾਵੇਗਾ ਅਤੇ ਇਸਤ੍ਰੀਆਂ ਕੌਰ (ਰਾਜਕੁਮਾਰੀਆਂ) ਅਖਵਾਉਣਗੀਆਂ। ਖਾਲਸਾ ਪੰਥ ਦੀ ਸਾਜਨਾ ਸਮੇਂ ਪੰਜ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਤੋਂ ਬਾਅਦ, ਸਤਿਗੁਰਾਂ ਨੇ ਫਿਰ ਉਨ੍ਹਾਂ ਪੰਜਾਂ ਸਿੰਘਾਂ ਤੋਂ ਹੀ ਅੰਮ੍ਰਿਤ ਦੀ ਜਾਚਨਾ ਕੀਤੀ ਤਾਂ ਕਿ ਉਹ ਵੀ ਅੰਮ੍ਰਿਤ ਛੱਕ ਕੇ ਸਿੰਘ ਸੱਜ ਸਕਣ। ਇਸ ਤਰ੍ਹਾਂ ਸਤਿਗੁਰਾਂ ਨੇ ਖਾਲਸਾ ਪੰਥ ਦੀ ਸਾਜਨਾ ਅਤੇ ਹਰ ਇੱਕ ਸਿੱਖ ਵਾਸਤੇ ਅੰਮ੍ਰਿਤ ਦੀ ਦਾਤ ਲੈਣੀ ਲਾਜ਼ਮੀ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਖੰਡ ਜਾਣ ਤੋਂ ਪਹਿਲਾਂ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪ ਦਿੱਤੀ ਅਤੇ ਸਿੱਖਾਂ ਨੂੰ ਹੁਕਮ ਕੀਤਾ :

(ੳ) ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਪੂਰਾ ਹੋ ਗਿਆ ਹੈ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ ਤੇ ਹੁਣ ਕੋਈ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋਵੇਗਾ।

(ੲ) ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੂਹਾਨੀ ਰਾਹਨੁਮਾਈ ਪ੍ਰਾਪਤ ਕਰਨਗੇ ਅਤੇ ਪੰਜ ਪਿਆਰਿਆਂ ਤੋਂ ਜੀਵਨ ਦੀ ਸੇਧ ਲੈਣਗੇ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸੰਨ 1708 ਈ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪ ਦਿੱਤੀ ਅਤੇ ਫੁਰਮਾਇਆ ਕਿ ਹੁਣ ਤੋਂ ਬਾਅਦ ਇਹੀ ਸਿੱਖਾਂ ਦੇ ਜੁਗੋ ਜੁਗ ਅਟੱਲ ਰਹਿਣ ਵਾਲੇ ਗੁਰੂ ਸਾਹਿਬਾਨ ਹਨ ਅਤੇ ਹੋਰ ਕੋਈ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪਵਿੱਤਰ ਗ੍ਰੰਥ ਦੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕੀਤੀ ਸੀ। ਸੰਪਾਦਨ ਦਾ ਕੰਮ ਸੰਨ 1601 ਈ: ਨੂੰ ਹੋਇਆ ਸੀ ਅਤੇ ਸੰਨ 1604 ਈ: ਨੂੰ ਮੁਕੰਮਲ ਹੋਇਆ। ਸੰਨ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਸੀ ਇਸ ਗ੍ਰੰਥ ਸਾਹਿਬ ਨੂੰ ਕਰਤਾਰਪੁਰੀ ਬੀੜ ਆਖਿਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਸ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਸੰਪੂਰਨ ਕੀਤਾ ਅਤੇ ਇਸੇ ਹੀ ਗ੍ਰੰਥ ਸਾਹਿਬ ਨੂੰ ਹਜ਼ੂਰ ਸਾਹਿਬ (ਨਾਂਦੇੜ ਸਾਹਿਬ ਵਿਖੇ) ਸੰਨ 1708 ਈ: ਨੂੰ ਗੁਰੂ ਦੀ ਮਹਿਮਾ ਦੇ ਕੇ ਗੁਰਗੱਦੀ ਤੇ ਸੁਸ਼ੋਭਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨੇ ਹਨ, ਜਿਨ੍ਹਾਂ ਨੂੰ ਅੰਗ (ਸਰੀਰਕ ਹਿੱਸਾ) ਆਖਿਆ ਜਾਂਦਾ ਹੈ। 1430 ਅੰਗਾਂ ਵਿੱਚ 6 ਗੁਰੂ ਸਾਹਿਬਾਨ, 15 ਸੰਤਾਂ, 11 ਭੱਟਾਂ ਤੇ ਹੋਰ ਸਿੱਖਾਂ ਦੀ ਬਾਣੀ ਸ਼ਾਮਲ ਹੈ।

# ਖਾਲਸਾ ਪੰਥ ਦੀ ਮਾਤਾ ਮਾਤਾ ਸਾਹਿਬ ਕੌਰ ਜੀ



ਸਿੱਖ ਇਤਿਹਾਸ ਵਿਚ ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਆਖਿਆ ਜਾਂਦਾ ਹੈ। ਇਹ ਵਡਿਆਈ ਉਨ੍ਹਾਂ ਨੂੰ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ੀ ਸੀ। ਜਦੋਂ ਇਕ ਸਿੱਖ ਨੂੰ ਖੰਡੇ ਦੀ ਪਾਹੁਲ (ਅੰਮ੍ਰਿਤ) ਦੀ ਦਾਤ ਬਖਸ਼ੀ ਜਾਂਦੀ ਹੈ, ਤਦੋਂ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਤੁਹਾਡੇ ਰੂਹਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ ਤੇ ਤੁਹਾਡੀ ਰੂਹਾਨੀ ਮਾਤਾ, ਮਾਤਾ ਸਾਹਿਬ ਕੌਰ ਜੀ ਹਨ। ਅੰਮ੍ਰਿਤ ਛੱਕਣ ਤੋਂ ਪਹਿਲਾਂ ਮਾਤਾ ਸਾਹਿਬ ਕੌਰ ਜੀ ਦਾ ਨਾਮ ਮਾਤਾ ਸਾਹਿਬ ਦੇਵਾਂ ਜੀ ਸੀ, ਉਨ੍ਹਾਂ ਦਾ ਜਨਮ 1 ਨਵੰਬਰ, ਸੰਨ 1681 ਨੂੰ ਰੋਹਤਾਸ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਦੀ ਮਾਤਾ ਦਾ ਨਾਮ ਮਾਤਾ ਜਸਦੇਵੀ ਜੀ ਅਤੇ ਪਿਤਾ ਦਾ ਨਾਮ ਭਾਈ ਰਾਮੂ ਬੱਸੀ ਸੀ ।ਉਨ੍ਹਾਂ ਦੇ ਪਿਤਾ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਰਮ ਸੇਵਕ ਸਨ, ਜਿਸ ਕਾਰਨ ਉਨ੍ਹਾਂ ਤੇ ਬੜਾ ਪ੍ਰਭਾਵ ਪਿਆ, ਉਹ ਸਾਰੀ ਉਮਰ ਗੁਰੂ ਸਾਹਿਬ ਦੀ ਸੇਵਾ ਕਰਨਾ ਚਾਹੁੰਦੇ ਸਨ। ਬਾਲ ਉਮਰ ਵਿੱਚ ਮਾਤਾ ਸਾਹਿਬ ਕੌਰ ਜੀ ਬੜੇ ਮਿੱਠਬੋਲੜੇ ਤੇ ਸ਼ਾਂਤ-ਸੁਭਾਵ ਦੇ ਸਨ, ਕਿਉਂਕਿ ਉਨ੍ਹਾਂ ਦੇ ਘਰ ਦਾ ਮਾਹੌਲ ਧਾਰਮਕ ਸੀ, ਇਸ ਦੌਰਾਨ ਉਨ੍ਹਾਂ ਉਪਰ ਗੁਰਬਾਣੀ ਦਾ ਬੜਾ ਡੂੰਘਾ ਅਸਰ ਪਿਆ। ਉਨ੍ਹਾਂ ਨੂੰ ਨਿਮਾਣਾਪਨ, ਪਿਆਰ, ਮਨੁੱਖੀ ਵਾਸਤੇ ਸਮਰਪਣ ਅਤੇ ਵਾਹਿਗੁਰੂ ਦੇ ਸਿਮਰਨ ਦੀਆਂ ਦਾਤਾਂ ਵਿਰਸੇ ਵਿਚ ਮਿਲ ਗਈਆਂ।

ਜਦੋਂ ਉਨ੍ਹਾਂ ਦੀ ਉਮਰ ਹੋਈ ਤਾਂ ਉਨ੍ਹਾਂ ਦੇ ਪਿਤਾ ਤੇ ਪਿੰਡ ਰੋਹਤਾਸ ਦੇ ਹੋਰ ਸੇਵਕ ਉਨ੍ਹਾਂ ਨੂੰ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆ ਗਏ ਤੇ ਉਨ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਸਾਹਿਬ ਦੇਵਾਂ ਨਾਲ ਵਿਆਹ ਕਰ ਲੈਣ। ਗੁਰੂ ਸਾਹਿਬ ਨੇ ਸੰਗਤ ਨੂੰ ਫੁਰਮਾਇਆ ਕਿ ਉਹ ਪਹਿਲਾਂ ਹੀ ਵਿਆਹ ਕਰਾ ਚੁੱਕੇ ਹਨ ਤੇ ਮੁੜ ਵਿਆਹ ਨਹੀਂ ਕਰ ਸਕਦੇ। ਮਾਤਾ ਸਾਹਿਬ ਦੇਵਾਂ ਜੀ ਦੇ ਪਿਤਾ ਨੇ ਬੇਨਤੀ ਕੀਤੀ ਕਿ ਉਨ੍ਹਾਂ ਦੀ ਪੁੱਤਰੀ ਨੇ ਗੁਰੂ ਸਾਹਿਬ ਨਾਲ ਵਿਆਹ ਕਰਾਉਣ ਦਾ ਪ੍ਰਣ ਕੀਤਾ ਹੋਇਆ ਹੈ, ਇਸ ਕਾਰਨ ਹੁਣ ਉਹ ਕਿਸੇ ਹੋਰ ਨਾਲ ਵਿਆਹ ਨਹੀਂ ਕਰਾਵੇਗੀ। ਤਦੋਂ, ਗੁਰੂ ਸਾਹਿਬ ਨੇ ਫੁਰਮਾਇਆ ਕਿ ਜੇ ਮਾਤਾ ਸਾਹਿਬ ਦੇਵਾਂ ਜੀ 'ਕੁੰਵਾਰੇ ਡੋਲੇ' ਵਜੋਂ ਰਹਿਣਾ ਮੰਨਦੇ ਹਨ ਤਾਂ ਉਹ ਗੁਰੂ ਪਰਿਵਾਰ ਵਿਚ ਰਹਿ ਸਕਦੇ ਹਨ ਤੇ ਉਹ ਵਿਆਹ ਦਾ ਰਿਸ਼ਤਾ ਨਹੀਂ ਰੱਖਣਗੇ ਤੇ ਨਾ ਹੀ ਕੋਈ ਬੱਚਾ ਹੋਵੇਗਾ। ਗੁਰੂ ਸਾਹਿਬ ਨੇ ਮਾਤਾ ਸਾਹਿਬ ਦੇਵਾਂ ਜੀ ਨੂੰ ਬਚਨ ਕੀਤਾ ਕਿ ਤੁਸੀਂ ਹਜ਼ਾਰਾਂ ਦੀ ਮਹਾਨ ਮਾਤਾ ਬਣੋਗੇ। (ਭਾਵ ਖਾਲਸਾ ਪੰਥ ਦੀ ਮਾਤਾ) ਮਾਤਾ ਸਾਹਿਬ ਕੌਰ ਜੀ ਗੁਰੂ ਸਾਹਿਬ ਦੀ ਗ੍ਰਹਿਸਥੀ ਵਿਚ ਟਿਕੇ ਰਹੇ ਤੇ ਉਨ੍ਹਾਂ ਗੁਰੂ ਸਾਹਿਬ ਅਤੇ ਸੰਗਤ ਦੀ ਪੂਰੀ ਸ਼ਰਧਾ ਨਾਲ ਸੇਵਾ ਕੀਤੀ।

ਮਾਤਾ ਸਾਹਿਬ ਕੌਰ ਜੀ ਹਰ ਥਾਂ ਗੁਰੂ ਸਾਹਿਬ ਨਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਜੁੜੇ ਰਹੇ। ਜੰਗਾਂ ਦੇ ਦੌਰਾਨ ਤੇ ਹਰੇਕ ਰਾਹ ਵਿਚ ਉਨ੍ਹਾਂ ਦੀ ਸੇਵਾ ਵਿਚ ਲੀਨ ਰਹੇ। ਸੰਨ 1699, ਵਿਸਾਖੀ ਨੂੰ ਪਹਿਲੇ ਅੰਮ੍ਰਿਤ ਸੰਚਾਰ ਦੇ ਸਮੇਂ ਮਾਤਾ ਸਾਹਿਬ ਕੌਰ ਜੀ ਨੂੰ ਖਾਲਸਾ ਪੰਥ ਦੀ ਮਾਤਾ ਦੀ ਅਟੱਲ ਵਡਿਆਈ ਪ੍ਰਾਪਤ ਹੋਈ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਅਬਿਚਲ ਨਗਰ (ਸ੍ਰੀ ਹਜ਼ੂਰ ਸਾਹਿਬ) ਪੁੱਜੇ ਤਾਂ ਮਾਤਾ ਸਾਹਿਬ ਕੌਰ ਜੀ ਵੀ ਉਨ੍ਹਾਂ ਦੇ ਨਾਲ ਸਨ। ਸਤਿਗੁਰੂ ਜੀ ਨੂੰ ਆਉਣ ਵਾਲੇ ਸਮੇਂ ਦਾ ਪਤਾ ਸੀ, ਇਸੇ ਕਰਕੇ ਉਨ੍ਹਾਂ ਨੇ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਭੇਜ ਦਿੱਤਾ। ਗੁਰੂ ਸਾਹਿਬ ਨੇ ਛੇਵੇਂ ਨਾਨਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਹਥਿਆਰ (ਤਲਵਾਰ, ਖੰਜਰ, ਜਮਧਾਰ ਤੇ ਦੋ ਖੰਡੇ) ਵੀ ਸੰਦੂਕ ਵਿਚੋਂ ਦਿੱਤੇ । ਇਹ ਸ਼ਸਤਰ ਅੱਜਕਲ੍ਹ ਇਕ ਇਤਿਹਾਸਕ ਗੁਰਦੁਆਰੇ ਦਿੱਲੀ ਵਿਚ ਸੁਭਾਇਮਾਨ ਹਨ। ਮਾਤਾ ਸਾਹਿਬ ਕੌਰ ਜੀ ਸੰਨ 1747 ਨੂੰ 66 ਵਰ੍ਹੇ ਦੀ ਉਮਰ ਵਿਚ ਇਹ ਸੰਸਾਰ ਛੱਡ ਕੇ ਨਿਰੰਕਾਰ ਦੇ ਚਰਨਾਂ ਵਿਚ ਲੀਨ ਹੋ ਗਏ ਅਤੇ ਉਨ੍ਹਾਂ ਨੇ ਆਖਰੀ ਸਮਾਂ ਦਿੱਲੀ ਵਿੱਚ ਗੁਜ਼ਾਰਿਆ ਅਤੇ ਉਨ੍ਹਾਂ ਦਾ ਅੰਗੀਠਾ ਸਾਹਿਬ ਗੁਰਦੁਆਰਾ ਬਾਲਾ ਸਾਹਿਬ, ਦਿੱਲੀ ਵਿਖੇ ਹੈ।

# ਪੰਜ ਪਿਆਰੇ

**ਭਾਈ ਦਇਆ ਸਿੰਘ ਜੀ**
**ਭਾਈ ਧਰਮ ਸਿੰਘ ਜੀ**
**ਭਾਈ ਹਿੰਮਤ ਸਿੰਘ ਜੀ**
**ਭਾਈ ਮੋਹਕਮ ਸਿੰਘ ਜੀ**
**ਭਾਈ ਸਾਹਿਬ ਸਿੰਘ ਜੀ**

ਪੰਜ ਪਿਆਰਿਆਂ ਦੀ ਥਾਪਣਾਂ ਸੰਨ 1699 ਈ: ਨੂੰ ਹੋਈ ਸੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਸੰਨ 1708 ਈ: ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਕੀਤਾ ਤੇ ਫੁਰਮਾਇਆ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਹੁਣ ਮੁਕੰਮਲ ਹੋ ਗਿਆ ਹੈ। ਹੁਣ ਹੋਰ ਕੋਈ ਵੀ ਦੇਹਧਾਰੀ ਗੁਰੂ ਨਹੀਂ ਹੋਵੇਗਾ ਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਰੂਹਾਨੀ ਸਿੱਖਿਆ ਪ੍ਰਾਪਤ ਕਰਨਗੇ ਤੇ ਪੰਜਾਂ ਪਿਆਰਿਆਂ ਤੋਂ ਧਾਰਮਿਕ ਸੇਧ ਲੈਣਗੇ।" ਜਦੋਂ ਵੀ ਕੋਈ ਨਾਮ ਧਰੀਕ ਤਿਆਰ ਬਰ ਤਿਆਰ ਪੰਜ ਅੰਮ੍ਰਿਤਧਾਰੀ ਸਿੰਘ ਕੋਈ ਵੀ ਧਾਰਮਿਕ-ਪੰਥਿਕ ਕਾਰਵਾਈ ਦੀ ਅਗਵਾਈ ਕਰਦੇ ਹਨ, ਤਾਂ ਉਨ੍ਹਾਂ ਨੂੰ ਪੰਜ ਪਿਆਰਿਆਂ ਦਾ ਰੂਪ ਜਾਣ ਕੇ ਉਨ੍ਹਾਂ ਦਾ ਮਾਣ ਸਨਮਾਣ ਕੀਤਾ ਜਾਂਦਾ ਹੈ।





# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦੇ

ਬਾਬਾ ਅਜੀਤ ਸਿੰਘ ਜੀ
ਬਾਬਾ ਜੁਝਾਰ ਸਿੰਘ ਜੀ
ਬਾਬਾ ਜ਼ੋਰਾਵਰ ਸਿੰਘ ਜੀ
ਬਾਬਾ ਫਤਹਿ ਸਿੰਘ ਜੀ

# ਸਿੱਖ ਇਤਿਹਾਸ

## ਸਿੱਖ ਇਤਿਹਾਸ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ :-

(ੳ) **ਗੁਰੂ ਸਾਹਿਬਾਨ ਸੰਨ 1469 ਈ: ਤੋਂ 1708 ਈ. ਤਕ (ਕੁਲ 239 ਵਰ੍ਹੇ)** ਮਨੁੱਖੀ ਜਾਮੇ ਵਿੱਚ ਵਿਚਰੇ । ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ 1469 ਈ: ਤੋਂ 1708 ਈ: ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੱਕ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰਿਆਂ ਸਿੱਖਾਂ ਨੂੰ 1708 ਤੋਂ ਅਟਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਤੁਰਨ ਦੀ ਹਿਦਾਇਤ ਕੀਤੀ। "ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ ॥ ਸਭਿ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥"

(ਅ) **ਪੰਜਵੀਂ ਪਾਤਸ਼ਾਹੀ, ਸ੍ਰੀ ਗੁਰੂ ਅਰਜਨ ਦੇਵ ਜੀ** ਸਿੱਖ ਪੰਥ ਦੇ ਪਹਿਲੇ ਸ਼ਹੀਦ ਹੋਏ ਹਨ। ਉਨ੍ਹਾਂ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ ਤੇ ਉਨ੍ਹਾਂ ਦੇ ਸਰੀਰ ਅਤੇ ਸਿਰ ਉਪਰ ਗਰਮ ਰੇਤ ਪਾਈ ਗਈ। ਅਖੀਰ ਉਨ੍ਹਾਂ ਨੂੰ ਫਿਰ ਹੋਰ ਤਸੀਹੇ ਦੇਣ ਲਈ ਠੰਢੇ ਪਾਣੀ ਵਿੱਚ ਸੁੱਟ ਦਿੱਤਾ । ਮੁਗਲਾਂ ਨੇ ਉਨ੍ਹਾਂ ਉਪਰ ਬੜੇ ਜ਼ੁਲਮ ਢਾਹੇ ਪਰ ਗੁਰੂ ਸਾਹਿਬ ਸ਼ਾਂਤ ਤੇ ਅਡੋਲ ਅਵਸਥਾ ਵਿਚ ਟਿਕੇ ਰਹੇ ।

(ੲ) **ਨੌਵੀਂ ਪਾਤਸ਼ਾਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ** ਨੇ ਹਿੰਦੂ ਧਰਮ ਨੂੰ ਬਚਾਉਣ ਵਾਸਤੇ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ, ਮੁਗਲ ਬਾਦਸ਼ਾਹ ਔਰੰਗਜ਼ੇਬ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਉਨ੍ਹਾਂ ਦੇ ਸਿੱਖ ਸੇਵਕਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਤਸੀਹੇ ਦੇ ਕੇ ਸ਼ਹੀਦ ਕੀਤਾ। ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਇੱਕ ਸਿੱਖ ਨੂੰ ਚਰਖੜੀ ਤੇ ਚਾੜ੍ਹਿਆ, ਇੱਕ ਨੂੰ ਉਬਲਦੀ ਦੇਗ (ਉਬਲਦਾ ਪਾਣੀ) ਵਿੱਚ ਸੁਟਿਆ, ਇੱਕ ਨੂੰ ਰੂੰ ਬੰਨ੍ਹ ਕੇ ਜਿਊਂਦਾ ਸਾੜ ਦਿੱਤਾ, ਤਾਂ ਜੋ ਗੁਰੂ ਸਾਹਿਬ ਡਰ ਕੇ ਮੁਸਲਮਾਨ ਬਣ ਜਾਣ । ਪਰ ਸਤਿਗੁਰੂ ਅਡੋਲ ਰਹੇ ਅਤੇ ਉਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣਾ ਸੀਸ ਬਲੀਦਾਨ ਕਰ ਦਿੱਤਾ ।

(ਸ) **ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਮਹਾਰਾਜ ਨੇ ਸਾਡੇ ਵਾਸਤੇ ਆਪਣਾ ਸਾਰਾ ਸਰਵੰਸ ਕੁਰਬਾਨ ਕਰ ਦਿੱਤਾ। ਆਪਣੇ ਗੁਰੂ ਪਿਤਾ ਦੀ ਸ਼ਹਾਦਤ ਦਿੱਲੀ ਵਿੱਚ ਦਿੱਤੀ, ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਸਰਹਿੰਦ ਵਿੱਚ ਸ਼ਹੀਦ ਕਰਵਾਏ ਅਤੇ ਵੱਡੇ ਸਾਹਿਬਜ਼ਾਦਿਆਂ ਨੂੰ ਚਮਕੌਰ ਵਿਖੇ ਸ਼ਹੀਦ ਕਰਵਾ ਦਿੱਤਾ ਪਰ ਬਾਦਸ਼ਾਹ ਔਰੰਗਜ਼ੇਬ ਦੀ ਗੁਲਾਮੀ ਤੇ ਸਿੱਖ ਧਰਮ ਨੂੰ ਛੱਡਣਾ ਸਵੀਕਾਰ ਨਹੀਂ ਕੀਤਾ। ਇਸ ਪ੍ਰਕਾਰ ਸਾਨੂੰ ਸਾਰਿਆਂ ਨੂੰ ਸਿੱਖੀ ਸਰੂਪ ਵਿੱਚ ਰਹਿਣ ਲਈ ਦ੍ਰਿੜ ਕਰਵਾਇਆ ।

(1) ਪਰ ਕੀ ਅੱਜ ਅਸੀਂ ਦਸਮੇਸ਼ ਪਿਤਾ ਦੇ ਪੁੱਤਰ ਤੇ ਪੁੱਤਰੀਆਂ ਕਹਾਉਣ ਦੇ ਹੱਕਦਾਰ ਹਾਂ?
(2) ਅੱਜ ਅਸੀਂ ਕਿਸ ਮੁਗਲ ਬਾਦਸ਼ਾਹ ਦੇ ਡਰ ਤੋਂ ਸਿੱਖੀ ਸਰੂਪ ਵਿਗਾੜ ਰਹੇ ਹਾਂ ?

(ਹ) **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ** ਨੂੰ ਸਿੱਖ ਫੌਜ ਦਾ ਜਥੇਦਾਰ ਥਾਪਿਆ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਦੁਸ਼ਟ ਮੁਗਲਾਂ ਨੂੰ ਸੋਧ ਕੇ ਸਰਹਿੰਦ ਨੂੰ ਫਤਹਿ ਕੀਤਾ ਅਤੇ ਪਹਿਲਾ ਸਿੱਖ ਰਾਜ ਕਾਇਮ ਕੀਤਾ । ਉਨ੍ਹਾਂ ਨੇ ਮੁਗਲ ਫੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਅੰਤ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ।

(ਕ) **ਸੰਨ 1715 ਤੋਂ 1762 ਦੇ ਸਮੇਂ ਦੇ ਦੌਰਾਨ** ਮੁਗਲ ਸਲਤਨਤ ਨੇ ਇਸ ਲੁਕਾਈ ਵਿਚੋਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਦਾ ਬੀੜਾ ਚੁੱਕ ਲਿਆ ਅਤੇ ਹਜ਼ਾਰਾਂ ਸਿੱਖਾਂ ਉਪਰ ਜ਼ੁਲਮ ਢਾਹੇ ਗਏ। ਅਸਲ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਮਾਰਨ ਦਾ ਕਾਨੂੰਨ ਬਣਾ ਲਿਆ। ਇਸ ਸਮੇਂ ਸਿੱਖ ਜੰਗਲਾਂ ਵਿਚ ਰਹਿਣ ਲੱਗ ਪਏ, ਉਨ੍ਹਾਂ ਨੂੰ ਆਪਣਾ ਘਰ-ਬਾਰ ਛੱਡਣਾ ਪਿਆ ਪਰ ਹਮੇਸ਼ਾ ਹੀ ਬਹਾਦਰਾਂ ਦੀ ਤਰ੍ਹਾਂ ਜਦੋਂ ਵੀ ਮੌਕਾ ਮਿਲਦਾ ਜ਼ੁਲਮੀ ਹਾਕਮਾਂ ਨਾਲ ਲੜਦੇ ਰਹਿੰਦੇ ਅਤੇ ਉਨ੍ਹਾਂ ਨੇ ਹਮੇਸ਼ਾ ਹੀ ਮੁਗਲਾਂ ਨੂੰ ਭਾਜੜਾਂ ਪਾਈ ਰੱਖੀਆਂ। ਉਨ੍ਹਾਂ ਦੇ ਘਰ ਬਾਰ ਉਨ੍ਹਾਂ ਦੇ ਘੋੜਿਆ ਦੀਆਂ ਕਾਠੀਆਂ ਹੀ ਰਹਿ ਗਏ ਪਰ ਉਨ੍ਹਾਂ ਨੇ ਆਪਣਾ ਸਿੱਖੀ ਧਰਮ ਨਹੀਂ ਛੱਡਿਆ ।

(ਖ) **ਇਸ ਔਖੇ ਵੇਲੇ** (ਸੰਨ 1762 ਤੋਂ 1799) ਸਿੱਖਾਂ ਨੇ ਸਮੇਂ-ਸਮੇਂ ਪੰਜਾਬ ਦੇ ਵੱਖ-ਵੱਖ ਹਿੱਸਿਆ ਤੇ ਕਬਜ਼ਾ ਜਾਰੀ ਰੱਖਿਆ ਤੇ ਸ਼ਾਸਨ ਕੀਤਾ। ਇਹ ਸਮਾਂ ਮਿਸਲ ਕਾਲ ਕਰਕੇ ਜਾਣਿਆ ਜਾਂਦਾ ਹੈ। ਮਿਸਲ ਇਕ ਸੰਗਠਨ ਹੈ, ਉਸ ਵੇਲੇ ਪੰਜਾਬ 12 ਹਿੱਸਿਆਂ ਵਿਚ ਵੰਡਿਆ ਹੋਇਆ ਸੀ ਅਤੇ ਸੰਗਠਨ ਲੋਕ-ਰਾਜ ਦੇ ਆਧਾਰ ਤੇ ਰਾਜ ਕਰਦਾ ਸੀ।

(ਗ) **ਸੰਨ 1799 ਤੋਂ 1839 ਤਕ** ਮਹਾਰਾਜਾ ਰਣਜੀਤ ਸਿੰਘ ਜੀ ਨੇ ਪੰਜਾਬ ਵਿਚ ਰਾਜ ਕੀਤਾ ।

(ਘ) ਜਦੋਂ ਅੰਗ੍ਰੇਜ਼ਾਂ ਨੇ ਪੰਜਾਬ ਨੂੰ ਅੰਗ੍ਰੇਜ਼ੀ ਹਕੂਮਤ ਵਿਚ ਮਿਲਾਉਣ ਦਾ ਮਨਸੂਬਾ ਬਣਾਇਆ ਤਾਂ 1840 ਤੋਂ ਪਿਛੋਂ ਬੜੀਆਂ ਖੂਨੀ ਜੰਗਾਂ ਹੋਈਆਂ ।

(ਙ) ਅਜ਼ਾਦੀ ਵਾਸਤੇ ਅੰਗ੍ਰੇਜ਼ਾਂ ਦੇ ਖਿਲਾਫ ਲੜਨ ਵਿਚ ਸਿੱਖ ਮੁੱਖ ਸਨ।
ਨੋਟ :- ਭਾਵੇਂ ਭਾਰਤ ਦੀ ਅਬਾਦੀ ਵਿਚੋਂ ਸਿਰਫ 2 ਫੀਸਦੀ ਸਿੱਖ ਸਨ, ਪਰ ਜੰਗਾਂ ਵਿਚ ਉਨ੍ਹਾਂ ਦੀਆਂ ਕੁਰਬਾਨੀਆਂ ਸਾਰੇ ਹਿੰਦੁਸਤਾਨੀਆਂ ਦੀਆਂ ਕੁਲ ਕੁਰਬਾਨੀਆਂ ਵਿਚੋਂ 80 ਫੀਸਦੀ ਬਣਦੀਆਂ ਹਨ ।



ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ
ਚਮਕੌਰ ਦੀ ਲੜਾਈ ਦੇ ਮੈਦਾਨ ਵਿਚ



ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ
ਸਰਹਿੰਦ ਦੇ ਨਵਾਬ ਦੀ ਕਚਹਿਰੀ ਵਿੱਚ ਨਿਰਭੈਤਾ ਨਾਲ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦਿੰਦੇ ਹੋਏ
ਅਤੇ ਆਪਣਾ ਸਿੱਖ ਧਰਮ ਛੱਡਣ ਤੋਂ ਇਨਕਾਰ ਕਰਦੇ ਹੋਏ।

# ਸਿੱਖ ਸ਼ਹੀਦ


**ਜਿਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੀ**




**ਭਾਈ ਦਿਆਲਾ ਜੀ** ਉਬਲਦੀ ਦੇਗ ਵਿਚ ਸ਼ਹੀਦੀ ਦੇਣ ਵੇਲੇ ਆਪਣਾ ਧਿਆਨ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਤੇ ਆਪਣੀ ਰਸਨਾ ਤੋਂ ਗੁਰਬਾਣੀ ਦਾ ਪਾਠ ਕਰਦੇ ਹੋਏ।



**ਭਾਈ ਸਤੀ ਦਾਸ ਜੀ** ਨੂੰ ਰੂੰ ਵਿੱਚ ਬੰਨ੍ਹ ਕੇ ਜਿਊਂਦਾ ਸਾੜ ਦਿੱਤਾ ਗਿਆ ਤੇ ਲੱਗੀ ਹੋਈ ਅੱਗ ਦੇ ਦੌਰਾਨ ਭਾਈ ਸਾਹਿਬ ਜੀ ਆਪਣਾ ਧਿਆਨ ਸਤਿਗੁਰੂ ਜੀ ਦੇ ਚਰਨਾਂ ਵਿੱਚ ਜੋੜ ਕੇ ਆਪਣੀ ਰਸਨਾ ਤੋਂ ਗੁਰਬਾਣੀ ਦਾ ਪਾਠ ਕਰਦੇ ਹੋਏ।



ਸ਼ਹੀਦ **ਭਾਈ ਮਨੀ ਸਿੰਘ** ਜੀ ਨੇ ਸਿੱਖੀ ਧਰਮ ਛੱਡ ਕੇ ਮੁਸਲਮਾਨ ਬਣਨਾ ਪ੍ਰਵਾਨ ਨਹੀਂ ਕੀਤਾ, ਜਿਸ ਕਾਰਨ ਮੁਸਲਮਾਨਾਂ ਨੇ ਉਨ੍ਹਾਂ ਨੂੰ ਜਿਊਂਦੇ ਜੀਅ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ।



ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਆਪਣਾ ਸਿੱਖੀ ਧਰਮ ਛੱਡ ਕੇ ਮੁਸਲਮਾਨ ਬਣਨਾ ਪ੍ਰਵਾਨ ਨਹੀਂ ਕੀਤਾ ਤੇ ਕੇਸ ਨਹੀਂ ਕਟਵਾਏ। ਜਦ ਜਬਰਨ ਮੁਸਲਮਾਨਾਂ ਨੇ ਉਨ੍ਹਾਂ ਦੇ ਕੇਸ ਕੱਟਣੇ ਚਾਹੇ ਤਾਂ ਉਹ ਲੋਹੇ ਦੀਆਂ ਤਾਰਾਂ ਬਣ ਗਏ ਤੇ ਨਾਈ ਕੇਸ ਨਾ ਕੱਟ ਸਕਿਆ। ਫਿਰ ਜਲਾਦ ਨੇ ਉਨ੍ਹਾਂ ਦੀ ਜਿਊਂਦੇ ਜੀਅ ਕੇਸਾਂ ਸਮੇਤ ਬੇਰਹਿਮੀ ਨਾਲ ਖੋਪੜੀ ਲਾਹ ਦਿੱਤੀ।



ਸਿੱਖਾਂ ਨੂੰ ਜਿਊਂਦੇ ਜੀਅ ਚਰਖੜੀਆਂ ਤੇ ਚਾੜ੍ਹ ਦਿੱਤਾ ਗਿਆ ।



ਜਦੋਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾ ਰਿਹਾ ਸੀ, ਉਸ ਸਮੇਂ ਉਨ੍ਹਾਂ ਦਾ ਧਿਆਨ ਸਤਿਗੁਰਾਂ ਦੇ ਚਰਨਾਂ ਵਿੱਚ ਸੀ ਅਤੇ ਉਨ੍ਹਾਂ ਦੀ ਰਸਨਾ ਨੇ ਗੁਰਬਾਣੀ ਦਾ ਪਾਠ ਜਾਰੀ ਰੱਖਿਆ।



ਉਹ ਸਮਾਂ ਵੀ ਸਿੱਖਾਂ ਤੇ ਆਇਆ ਜਦੋਂ ਮੁਸਲਮਾਨਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਕਾਨੂੰਨ ਪਾਸ ਕਰ ਦਿੱਤਾ ਅਤੇ ਹੁਕਮ ਕੀਤਾ ਕਿ ਜੋ ਵੀ ਸਿੱਖ ਦਾ ਸਿਰ ਵੱਢ ਕੇ ਲੈ ਕੇ ਆਵੇਗਾ, ਉਹ ਮੁਸਲਮਾਨ ਹਾਕਮ ਤੋਂ ਬਦਲੇ ਵਿੱਚ ਇਨਾਮ ਪਾਵੇਗਾ। ਸਿੱਖ ਬੱਚੇ ਬੱਚੀਆਂ, ਜਵਾਨ ਅਤੇ ਬਜ਼ੁਰਗਾਂ ਦਾ ਕਤਲੇਆਮ ਕੀਤਾ ਗਿਆ। ਉਨ੍ਹਾਂ ਆਪਣਾ ਸਿੱਖੀ ਧਰਮ ਕੇਸਾਂ ਸੁਆਸਾਂ ਨਾਲ ਨਿਭਾਇਆ ਅਤੇ ਮੁਸਲਮਾਨ ਜ਼ਾਲਮਾ ਤੋਂ ਨਾ ਡਰੇ।

**ਸਤਿਗੁਰੂ ਬਖਸ਼ਿਸ਼ ਕਰਨ ਕਿ ਸਾਡੀ ਸਾਰਿਆਂ ਦੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭ ਜਾਵੇ।**



ਬਾਬਾ ਬਾਜ ਸਿੰਘ ਦੇ ਸਰੀਰ ਨੂੰ ਸੰਨ੍ਹੀ ਨਾਲ ਕੁਤਰਿਆ ਗਿਆ ਤੇ ਉਨ੍ਹਾਂ ਦੀਆਂ ਹੱਡੀਆਂ ਨੂੰ ਚਿਮਟੀ ਨਾਲ ਵੱਢਿਆ ਤੇ ਉਨ੍ਹਾਂ ਦੇ ਛੋਟੇ ਪੁੱਤਰ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ, ਪਰ ਉਨ੍ਹਾਂ ਮੁਸਲਮਾਨ ਧਰਮ ਕਬੂਲ ਨਾ ਕੀਤਾ।

# ਤਖ਼ਤ

ਸਿੱਖ ਧਰਮ ਵਿੱਚ ਤਖ਼ਤ ਉਹ ਅਸਥਾਨ ਹੈ, ਜਿਸ ਅਸਥਾਨ ਤੇ ਪੰਜ ਸਿੰਘ ਸਾਹਿਬਾਨ ਪੰਥਕ, ਧਾਰਮਿਕ ਤੇ ਰਾਜਨੀਤਕ ਮਸਲਿਆਂ ਦੇ ਫੈਸਲੇ ਕਰਦੇ ਹਨ ਤੇ ਪੰਥ ਨੂੰ ਸੇਧ ਦਿੰਦੇ ਹਨ। ਉਹ ਜੋ ਵੀ ਹੁਕਮ ਜਾਰੀ ਕਰਦੇ ਹਨ ਉਹ ਸਾਰੇ ਸਿੱਖਾਂ ਤੇ ਲਾਗੂ ਹੁੰਦਾ ਹੈ ਅਤੇ ਹਰ ਇੱਕ ਸਿੱਖ ਨੂੰ ਸੀਸ ਝੁਕਾ ਕੇ ਉਸ ਨੂੰ ਮੰਨਣਾ ਪੈਂਦਾ ਹੈ। ਜੇਕਰ ਕੋਈ ਵੀ ਸਿੱਖ ਜਾਣੇ ਅਣਜਾਣੇ ਵਿੱਚ ਪੰਥ ਵਿਰੋਧੀ ਕੰਮ ਕਰਦਾ ਹੈ ਤਾਂ ਪੰਜ ਸਿੰਘ ਸਾਹਿਬਾਨ ਉਸ ਨੂੰ ਤਖ਼ਤ ਉਪਰ ਪੇਸ਼ੀ ਵਾਸਤੇ ਹੁਕਮ ਕਰ ਸਕਦੇ ਹਨ ਅਤੇ ਸਜ਼ਾ ਵੀ ਦੇ ਸਕਦੇ ਹਨ ।

## 1. ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ :-

ਇਹ ਸਿੱਖਾਂ ਦਾ ਪਹਿਲਾ ਤੇ ਸਰਬੋਤਮ ਤਖ਼ਤ ਹੈ, ਜਿਸ ਦੀ ਸਥਾਪਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਕੀਤੀ ਹੈ। ਇਹ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾਂ ਦੇ ਵਿੱਚ ਦਰਸ਼ਨੀ ਡਿਉੜ੍ਹੀ ਦੇ ਸਾਹਮਣੇ ਹੈ। ਇਸ ਤਖ਼ਤ ਦੇ ਜਥੇਦਾਰ ਨੂੰ ਸ਼ਿਰੋਮਣੀ ਆਗੂ ਮੰਨਿਆ ਜਾਂਦਾ ਹੈ। ਉਹ ਇਸ ਅਸਥਾਨ ਤੇ ਦੂਸਰੇ ਤਖ਼ਤਾਂ ਦੇ ਜਥੇਦਾਰਾਂ ਨਾਲ ਮਿਲ ਕੇ ਪੰਥਕ, ਧਾਰਮਿਕ ਅਤੇ ਰਾਜਨੀਤਿਕ ਫੈਸਲੇ ਕਰਕੇ ਸੰਦੇਸ਼ ਜਾਂ ਹੁਕਮਨਾਮੇ ਇਸ ਤਖ਼ਤ ਤੋਂ ਜਾਰੀ ਕਰਦਾ ਹੈ।

## 2. ਤਖ਼ਤ ਸ੍ਰੀ ਪਟਨਾ ਸਾਹਿਬ :-

ਇਹ ਤਖ਼ਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਨਮ ਅਸਥਾਨ ਹੈ। ਇਹ ਤਖ਼ਤ ਪਟਨਾ ਸਾਹਿਬ (ਬਿਹਾਰ ਪ੍ਰਾਂਤ) ਵਿੱਚ ਸੁਭਾਇਮਾਨ ਹੈ।

## 3. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ :-

ਇਹ ਤਖ਼ਤ ਖਾਲਸੇ ਦਾ ਜਨਮ ਅਸਥਾਨ ਹੈ। ਇਹ ਸ੍ਰੀ ਅਨੰਦਪੁਰ ਸਾਹਿਬ, (ਪੰਜਾਬ ਪ੍ਰਾਂਤ) ਵਿਚ ਸੁਭਾਇਮਾਨ ਹੈ।

## 4. ਤਖ਼ਤ ਸ੍ਰੀ ਹਜ਼ੂਰ ਸਾਹਿਬ :-

ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਨੁੱਖੀ ਜਾਮੇ ਕਰਕੇ ਆਪਣਾ ਆਖਰੀ ਸਮਾਂ ਬਿਤਾਇਆ। ਇਹ ਤਖ਼ਤ ਨੰਦੇੜ (ਮਹਾਂਰਾਸ਼ਟਰ ਪ੍ਰਾਂਤ) ਵਿੱਚ ਸੁਭਾਇਮਾਨ ਹੈ।

## 5. ਤਖ਼ਤ ਸ੍ਰੀ ਦਮਦਮਾ ਸਾਹਿਬ :-

ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ। ਇਹ ਤਖ਼ਤ ਸਾਬੋ ਕੀ ਤਲਵੰਡੀ (ਬਠਿੰਡੇ, ਪੰਜਾਬ) ਵਿੱਚ ਹੈ।



ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ



ਤਖ਼ਤ ਸ੍ਰੀ ਹਜ਼ੂਰ ਸਾਹਿਬ



ਤਖ਼ਤ ਸ੍ਰੀ ਪਟਨਾ ਸਾਹਿਬ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ



ਤਖ਼ਤ ਸ੍ਰੀ ਦਮਦਮਾ ਸਾਹਿਬ

# ਖਾਲਸੇ ਦੀ ਸਿਰਜਣਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਨ 1699 ਨੂੰ ਉੱਤਰ ਭਾਰਤ ਦੇ ਸਭ ਤੋਂ ਮਸ਼ਹੂਰ ਤਿਉਹਾਰ ਵਿਸਾਖੀ ਦੇ ਮੌਕੇ ਤੇ ਆਪਣੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਵਿਖੇ ਖੁਲ੍ਹੇ ਮੈਦਾਨ ਵਿੱਚ ਇਕੱਠੇ ਹੋਣ ਦਾ ਸੱਦਾ ਦਿੱਤਾ । ਹਜ਼ਾਰਾਂ ਸਿੱਖ ਸੰਗਤਾਂ ਦੂਰੋਂ ਚਲ ਕੇ ਇਸ ਇਕੱਠ ਵਿੱਚ ਅਨੰਦਪੁਰ ਸਾਹਿਬ ਵਿਖੇ ਸ਼ਾਮਿਲ ਹੋਈਆਂ ਅਤੇ ਸਤਿਗੁਰਾਂ ਦੇ ਦਰਸ਼ਨਾਂ ਦਾ ਇੰਤਜ਼ਾਰ ਕਰਨ ਲੱਗੀਆਂ। ਫਿਰ ਸੰਗਤਾਂ ਦੀ ਹੈਰਾਨੀ ਦੀ ਉਦੋਂ ਹੱਦ ਨਾ ਰਹੀ ਜਦੋਂ ਉਨ੍ਹਾਂ ਦੇਖਿਆ ਕਿ ਅੱਜ ਸਤਿਗੁਰਾਂ ਨੇ ਕੇਸਰੀ ਬਾਣਾ ਪਾਇਆ ਹੋਇਆ ਹੈ, ਉਨ੍ਹਾਂ ਦੇ ਚਿਹਰੇ ਤੇ ਬਹੁਤ ਜਲਾਲ ਹੈ ਅਤੇ ਹੱਥ ਵਿੱਚ ਨੰਗੀ ਤਲਵਾਰ ਹੈ। ਇਸ ਨੰਗੀ ਤਲਵਾਰ ਨੂੰ ਦੇਖ ਕੇ ਸਾਰੇ ਖਾਮੋਸ਼ ਤੇ ਡਰ ਕੇ ਸੋਚਣ ਲੱਗੇ, ਕੀ ਸਤਿਗੁਰੂ ਜੀ ਇਸ ਤਲਵਾਰ ਨਾਲ ਕਿਸੇ ਨੂੰ ਮਾਰਨਗੇ?

ਸਤਿਗੁਰਾਂ ਨੇ ਇਸ ਖਾਮੋਸ਼ੀ ਨੂੰ ਤੋੜਦੇ ਹੋਏ ਗਰਜ ਕੇ ਆਖਿਆ, "ਮੈਨੂੰ ਇਕ ਸਿੱਖ ਦੇ ਸਿਰ ਦੀ ਲੋੜ ਹੈ, ਜੋ ਮੇਰੀ ਤਲਵਾਰ ਦੀ ਪਿਆਸ ਬੁਝਾ ਸਕੇ।" ਵਾਹ, ਕੀ ਮੰਗ ਹੈ ! ਸਾਰੇ ਪਾਸੇ ਸੰਨਾਟਾ ਛਾ ਗਿਆ। ਹੁਣ ਸੰਗਤਾਂ ਹੋਰ ਵੀ ਡਰ ਗਈਆਂ। ਸਤਿਗੁਰਾਂ ਨੇ ਆਪਣੀ ਮੰਗ ਨੂੰ ਫਿਰ ਦੁਹਰਾਇਆ। ਇਹ ਕੌਤਕ ਹਰ ਇਕ ਦੀ ਸਮਝ ਤੋਂ ਬਾਹਰ ਸੀ, ਕਿਉਂਕਿ ਇਸ ਤਰ੍ਹਾਂ ਪਹਿਲਾਂ ਕਦੇ ਨਹੀਂ ਹੋਇਆ ਸੀ। ਸਤਿਗੁਰੂ ਹਮੇਸ਼ਾ ਆਪਣੇ ਸਿੱਖਾਂ ਨਾਲ ਪਿਆਰ ਕਰਦੇ ਸਨ ਪਰ ਅੱਜ ਸਿਰ ਕਿਉਂ ਮੰਗਿਆ, ਸਭ ਇਹ ਸੋਚ ਰਹੇ ਸਨ। ਫਿਰ ਤੀਸਰੀ ਵਾਰ ਸਤਿਗੁਰੂ ਜੀ ਸ਼ੇਰ ਦੀ ਤਰ੍ਹਾਂ ਗਰਜੇ ਤੇ ਆਪਣੀ ਤਲਵਾਰ ਨੂੰ ਹਵਾ ਵਿੱਚ ਲਹਿਰਾਇਆ ਤੇ ਆਪਣੀ ਮੰਗ ਨੂੰ ਫਿਰ ਦੁਹਰਾਇਆ। ਹੁਣ ਇਸੇ ਇਕੱਠ ਵਿੱਚੋਂ ਇਕ ਸਿੱਖ ਉਠਿਆ ਜਿਸ ਦਾ ਨਾਮ ਭਾਈ ਦਇਆ ਰਾਮ ਸੀ, ਉਹ ਸਤਿਗੁਰਾਂ ਦੇ ਸਾਹਮਣੇ ਹਾਜ਼ਰ ਹੋਇਆ। ਸਤਿਗੁਰਾਂ ਨੇ ਉਸ ਨੂੰ ਬਾਂਹ ਤੋਂ ਪਕੜਿਆ ਤੇ ਖਿੱਚ ਕੇ ਤੰਬੂ ਵਿੱਚ ਲੈ ਗਏ। ਧੜੰਮ ! ਤੇ ਇਕ ਸਰੀਰ ਦੇ ਡਿੱਗਣ ਦੀ ਅਵਾਜ਼ ਆਈ। ਸਤਿਗੁਰੂ ਜੀ ਤੰਬੂ ਵਿੱਚੋਂ ਲਹੂ ਨਾਲ ਲਿੱਬੜੀ ਤਲਵਾਰ ਲੈ ਬਾਹਰ ਆਏ ਤੇ ਪ੍ਰਚੰਡ ਨਜ਼ਰ ਨਾਲ ਸਾਰਿਆਂ ਵੱਲ ਵੇਖਿਆ ਤੇ ਤਲਵਾਰ ਨੂੰ ਹਵਾ ਵਿੱਚ ਲਹਿਰਾਇਆ। ਜਿਸ ਵਿੱਚੋਂ ਖੂਨ ਦੀਆਂ ਬੂੰਦਾਂ ਗਿਰ ਰਹੀਆਂ ਸਨ। ਸਤਿਗੁਰੂ ਜੀ ਫਿਰ ਸ਼ੇਰ ਦੀ ਤਰ੍ਹਾਂ ਗਰਜੇ ਤੇ ਕਿਹਾ, "ਮੈਨੂੰ ਇਕ ਹੋਰ ਸਿੱਖ ਦੇ ਸਿਰ ਦੀ ਲੋੜ ਹੈ।" ਕਿਉਂਕਿ ਪਾਤਸ਼ਾਹ ਨੇ ਰੂਹਾਨੀ ਲੋਕਰਾਜ ਵਾਸਤੇ ਇਕ ਨਵਾਂ ਪੰਥ ਚੁਣਨਾਂ ਸੀ।




"ਮੈਨੂੰ ਇਕ ਹੋਰ ਸਿੱਖ ਦੇ ਸਿਰ ਦੀ ਲੋੜ ਹੈ"

ਕੁਝ ਚਿਰ ਬਾਅਦ ਉਸੇ ਇਕੱਠ ਵਿੱਚੋਂ ਇਕ ਹੋਰ ਸਿੱਖ ਉਠਿਆ, ਜਿਸ ਦਾ ਨਾਮ ਭਾਈ ਧਰਮ ਦਾਸ ਸੀ ਸਤਿਗੁਰਾਂ ਨੇ ਉਸ ਨੂੰ ਵੀ ਬਾਂਹ ਤੋਂ ਫੜਿਆ ਤੇ ਤੰਬੂ ਵਿੱਚ ਲੈ ਗਏ, ਫਿਰ ਧੜੰਮ! ਇਕ ਹੋਰ ਸਰੀਰ ਦੇ ਡਿੱਗਣ ਦੀ ਅਵਾਜ਼ ਆਈ। ਇਸ ਤਰ੍ਹਾਂ ਸਤਿਗੁਰੂ ਫਿਰ ਤੰਬੂ ਵਿੱਚੋਂ ਬਾਹਰ ਆਏ ਅਤੇ ਉਨ੍ਹਾਂ ਨੇ ਵਾਰੋ-ਵਾਰੀ ਤਿੰਨ ਹੋਰ ਸਿਰਾਂ ਦੀ ਮੰਗ ਕੀਤੀ ਜਿਨ੍ਹਾਂ ਵਿੱਚੋਂ ਭਾਈ ਹਿੰਮਤ ਰਾਏ ਜੀ, ਭਾਈ ਮੋਹਕਮ ਚੰਦ ਅਤੇ ਭਾਈ ਸਾਹਿਬ ਚੰਦ ਜੀ ਨੇ ਵਾਰੋ ਵਾਰੀ ਆਪਣੇ ਸੀਸ ਸਤਿਗੁਰਾਂ ਨੂੰ ਭੇਟ ਕੀਤੇ। ਲੋਕੀ ਇਧਰ ਉਧਰ ਦੌੜਨ ਲੱਗੇ ਤੇ ਪੰਡਾਲ ਵਿਚ ਖਾਮੋਸ਼ੀ ਛਾ ਗਈ ਅਤੇ ਕੁਝ ਚਿਰ ਬਾਅਦ ਸਤਿਗੁਰੂ ਜੀ ਫਿਰ ਤੰਬੂ ਵਿੱਚੋਂ ਬਾਹਰ ਆਏ। ਸੰਗਤਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਨ੍ਹਾਂ ਨੇ ਦੇਖਿਆ ਕਿ ਪੰਜੇ ਸਿੱਖ ਸਤਿਗੁਰਾਂ ਦੇ ਨਾਲ ਜੀਵਤ ਖੜੇ ਹਨ ਤੇ ਇੱਕੋ ਜਿਹਾ ਬਾਣਾ ਪਹਿਨ ਕੇ ਬਹੁਤ ਸੁੰਦਰ ਲਗ ਰਹੇ ਹਨ। ਇਸ ਤਰ੍ਹਾਂ ਕੀ ਅਤੇ ਕਿਉਂ ਹੋਇਆ, ਹੁਣ ਇਸ ਤੋਂ ਬਾਅਦ ਕੀ ਹੋਵੇਗਾ, ਇਹ ਕੋਈ ਨਹੀਂ ਸੀ ਜਾਣਦਾ। ਸਤਿਗੁਰੂ ਹੀ ਜਾਣਦੇ ਸਨ ਜਿਨ੍ਹਾਂ ਨੇ ਰੂਹਾਨੀ ਲੋਕ-ਰਾਜ ਦੀ ਸਥਾਪਨਾ ਵਾਸਤੇ ਇਸ ਵਿਧੀ ਨੂੰ ਚੁਣਿਆ। ਇਸ ਪਿਛੋਂ ਸਤਿਗੁਰੂ ਜੀ ਨੇ ਇਕ ਸਰਬਲੋਹ ਦਾ ਬਾਟਾ ਲੈ ਕੇ ਉਸ ਵਿੱਚ ਪਵਿੱਤਰ ਜਲ ਪਾਇਆ ਅਤੇ ਮਾਤਾ ਜੀ ਨੇ ਉਸ ਬਾਟੇ ਵਿੱਚ ਪਤਾਸੇ ਪਾਏ ਤੇ ਸਤਿਗੁਰਾਂ ਜੀ ਨੇ ਵਿੱਚ ਖੰਡੇ ਨੂੰ ਹਿਲਾਉਦੇ ਹੋਏ ਪੰਜ ਬਾਣੀਆਂ ਦਾ ਪਾਠ ਕੀਤਾ। ਇਸ ਤਰ੍ਹਾਂ ਪਵਿੱਤਰ ਬਾਣੀਆਂ ਦੇ ਪਾਠ ਨਾਲ ਸਤਿਗੁਰਾਂ ਨੇ ਕੇਵਲ ਅੰਮ੍ਰਿਤ ਹੀ ਤਿਆਰ ਨਹੀਂ ਕੀਤਾ, ਬਲਕਿ ਆਪਣੇ ਖਾਲਸਾ ਪੰਥ ਦੇ ਸਾਹਮਣੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਨੂੰ ਵੀ ਪ੍ਰਗਟ ਕਰ ਦਿੱਤਾ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਨ੍ਹਾਂ ਨੇ ਪੰਥ ਖਾਲਸੇ ਤੋਂ ਕੁਝ ਨਹੀਂ ਛੁਪਾਇਆ।

1. ਫਿਰ ਗੁਰੂ ਸਾਹਿਬ ਜੀ ਨੇ ਵਾਰੋ-ਵਾਰੀ ਇਹਨਾਂ ਪੰਜਾਂ ਸਿੱਖਾਂ ਨੂੰ ਪੰਜ-ਪੰਜ ਅੰਮ੍ਰਿਤ ਦੇ ਘੁੱਟ ਪੀਣ ਨੂੰ ਦਿੱਤੇ ਅਤੇ ਹਰ ਵਾਰੀ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾਉਣ ਦਾ ਹੁਕਮ ਕੀਤਾ, ਇਸ ਤਰ੍ਹਾਂ ਸਤਿਗੁਰੂਾਂ ਨੇ ਉਨ੍ਹਾਂ ਵਿੱਚ ਰੂਹਾਨੀ ਅਤੇ ਫੌਲਾਦੀ ਤਾਕਤ ਭਰ ਦਿੱਤੀ।

2. ਫਿਰ ਗੁਰੂ ਸਾਹਿਬ ਜੀ ਨੇ ਇਹਨਾਂ ਪੰਜਾਂ ਸਿੱਖਾਂ ਦੇ ਨੇਤ੍ਰਾਂ ਵਿੱਚ ਪੰਜ-ਪੰਜ ਵਾਰੀ ਅੰਮ੍ਰਿਤ ਦਾ ਛਿੜਕਾ ਕੀਤਾ ਤਾਂ ਜੋ ਉਨ੍ਹਾਂ ਦੇ ਨੇਤ੍ਰ ਪਵਿੱਤਰ ਹੋ ਜਾਣ ਤੇ ਅਕਾਲ ਪੁਰਖ ਦੀ ਸਾਜੀ ਸਾਰੀ ਸ੍ਰਿਸ਼ਟੀ ਨੂੰ ਇਕੋ ਜਿਹਾ ਕਰਕੇ ਜਾਨਣ।

3. ਫਿਰ ਸਤਿਗੁਰਾਂ ਨੇ ਅੰਮ੍ਰਿਤ ਦੀਆਂ ਪੰਜ-ਪੰਜ ਬੂੰਦਾਂ ਇਹਨਾਂ ਪੰਜਾਂ ਸਿੱਖਾਂ ਦੇ ਕੇਸਾਂ ਉਪਰ ਪਾਈਆਂ ਤਾਂ ਜੋ ਉਨ੍ਹਾਂ ਦੀ ਸੋਚ ਮੰਡਲ ਪਵਿੱਤਰ ਹੋ ਜਾਵੇ। ਇਸ ਪਿੱਛੋ ਫਿਰ ਸਤਿਗੁਰਾਂ ਨੇ ਉਨ੍ਹਾਂ ਦੇ ਨਾਮ ਨਾਲ ਲੱਗੇ ਹੋਏ ਦਾਸ, ਰਾਮ, ਰਾਏ, ਚੰਦ, ਆਦਿ ਨੂੰ ਬਦਲ ਕੇ ਸਿੰਘ ਲਗਾ ਦਿੱਤਾ ਅਤੇ ਇਸ ਤਰ੍ਹਾਂ ਖਾਲਸਾ ਪੰਥ ਦੀ ਸਾਜਨਾ ਕੀਤੀ। ਫਿਰ ਸਤਿਗੁਰਾਂ ਨੇ ਇਹਨਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਤੋਂ ਬਾਅਦ ਆਪ ਇਹਨਾਂ ਪੰਜਾਂ ਸਿੰਘਾਂ ਅੱਗੇ ਬੇਨਤੀ ਕੀਤੀ ਕਿ ਮੈਨੂੰ ਵੀ ਹੁਣ ਇਸੇ ਰਸਮ ਦੁਆਰਾ ਅੰਮ੍ਰਿਤ ਦੀ ਦਾਤ ਬਖਸ਼ੀ ਜਾਵੇ। ਜੇਕਰ ਸਤਿਗੁਰਾਂ ਨੇ ਸਿੱਖਾਂ ਤੋਂ ਅੰਮ੍ਰਿਤ ਦੀ ਦਾਤ ਵਾਸਤੇ ਇੱਕ-ਇੱਕ ਸਿਰ ਦੀ ਭੇਟਾ ਦੀ ਮੰਗ ਕੀਤੀ ਪਰ ਆਪ ਸਤਿਗੁਰਾਂ ਨੇ ਇਸ ਅੰਮ੍ਰਿਤ ਦੇ ਵਾਸਤੇ ਆਪਣੇ ਸਰਬੰਸ ਦੇ ਸਿਰ ਭੇਟ ਕਰਵਾ ਦਿੱਤੇ। ਇਸ ਤਰ੍ਹਾਂ ਸਤਿਗੁਰਾਂ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਇਹ ਵੀ ਇਕ ਅਨੋਖੀ ਮਿਸਾਲ ਹੈ ਕਿ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਆਪਣੇ ਗੁਰੂ ਖਾਲਸਾ ਪੰਥ ਦਾ ਮਾਣ ਬਖ਼ਸ਼ਿਆ।





# ਖੰਡਾ
## (ਸਿੱਖ ਧਰਮ ਦਾ ਚਿੰਨ੍ਹ)

ਖੰਡੇ ਦਾ ਇਹ ਚਿੰਨ੍ਹ ਤਿੰਨ ਸ਼ਸਤਰਾਂ ਦਾ ਜੋੜ ਹੈ ।

(ੳ) ਖੰਡਾ : ਖੰਡਾ ਇੱਕ ਸ਼ਸਤਰ ਹੈ ਜੋ ਕਿ ਦੋਧਾਰੀ ਤਲਵਾਰ ਦੀ ਇਕ ਖਾਸ ਕਿਸਮ ਹੈ। ਇਹ ਇਸ ਸਿਧਾਂਤ ਦਾ ਪ੍ਰਤੀਕ ਹੈ ਕਿ ਅਕਾਲ ਪੁਰਖ ਵਾਹਿਗੁਰੂ ਇਕ ਸਰਬ-ਵਿਆਪੀ ਸ਼ਕਤੀ ਹੈ, ਜੋ ਸੱਚਾ ਅਤੇ ਸਿਰਜਣਹਾਰ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਿਰਜਣਾ ਵੇਲੇ ਵੀ ਇਸੇ ਸ਼ਸਤਰ ਦਾ ਪ੍ਰਯੋਗ ਕਰਕੇ ਅੰਮ੍ਰਿਤ ਤਿਆਰ ਕੀਤਾ।



'ਖੰਡਾ'

(ਅ) ਗੋਲ ਚੱਕਰ : ਇਹ ਅਕਾਲ ਪੁਰਖ ਵਾਹਿਗੁਰੂ ਦੇ ਅਨੰਤ ਗੁਣਾਂ ਦਾ ਪ੍ਰਤੀਕ ਹੈ, ਜਿਸ ਦਾ ਕੋਈ ਆਦਿ ਅਤੇ ਅੰਤ ਨਹੀਂ ਹੈ। ਇਹ ਇਕ ਸ਼ਸਤਰ ਵੀ ਹੈ ਜੋ ਬਾਹਰਲੇ ਪਾਸੇ ਤੋਂ ਤਿੱਖਾ ਹੈ ਅਤੇ ਯੁੱਧ ਵਿੱਚ ਬਹੁਤ ਦੂਰ ਤੱਕ ਮਾਰ ਕਰਕੇ ਵੈਰੀ ਦਾ ਸੰਘਾਰ ਕਰ ਸਕਦਾ ਹੈ। ਇਹ ਉਸ ਸਰਬ-ਵਿਆਪੀ ਪ੍ਰਮਾਤਮਾ ਦੇ ਕੁਦਰਤੀ ਵਿਧਾਨ ਦਾ ਪ੍ਰਤੀਕ ਵੀ ਹੈ। ਜੋ ਮਨੁੱਖ ਉਸ ਪਰਮੇਸ਼ਰ ਦੇ ਬਣਾਏ ਹੋਏ ਕਾਨੂੰਨ ਦੇ ਦਾਇਰੇ ਵਿੱਚ ਚਲਦੇ ਹਨ, ਉਹ ਇਸ ਸੰਸਾਰ ਵਿੱਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਬਚੇ ਰਹਿੰਦੇ ਹਨ । ਜੋ ਆਪਣੀ ਹਉਮੈ ਕਰਕੇ ਇਸ ਤੋਂ ਪਾਰ ਹੁੰਦੇ ਹਨ, ਉਹ ਕੱਟੇ-ਵੱਢੇ ਜਾਂਦੇ ਹਨ ਭਾਵ ਦੁਖੀ ਹੁੰਦੇ ਹਨ।

(ੲ) ਦੋ ਕਿਰਪਾਨਾਂ : ਇਹ ਕਿਰਪਾਨਾਂ ਸਿੱਖਾਂ ਉਪਰ ਸਤਿਗੁਰਾਂ ਜੀ ਦੀ ਕ੍ਰਿਪਾ ਦਾ ਪ੍ਰਤੀਕ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਜੋ ਕਿ ਰੂਹਾਨੀ ਤਾਕਤ ਅਤੇ ਰਾਜਨੀਤਿਕ ਤਾਕਤ ਨੂੰ ਦਰਸਾਉਂਦੀਆਂ ਹਨ। ਜੋ ਸਿੱਖ ਇਕ ਨਾਲ ਜੁੜ ਕੇ ਉਸ ਇਕ ਪ੍ਰਮਾਤਮਾ ਦੇ ਕਾਨੂੰਨ ਵਿੱਚ ਚਲਦਾ ਹੈ, ਸਤਿਗੁਰੂ ਜੀ ਉਸ ਨੂੰ ਰੂਹਾਨੀ ਤਾਕਤਾਂ ਬਖਸ਼ਦੇ ਹਨ। ਜੇਕਰ ਕੋਈ ਵੀ ਦੋਖੀ ਤਾਕਤ ਧਰਮ ਨੂੰ ਤੋੜਨ ਜਾਂ ਗੁਲਾਮੀ ਦੀਆਂ ਜ਼ੰਜੀਰਾਂ ਪਹਿਨਾਉਣ ਦਾ ਯਤਨ ਕਰਦੀ ਹੈ ਅਤੇ ਬਹੁਤਾ ਸਮਝਾਉਣ ਤੇ ਆਪਣੀ ਦੁਸ਼ਟਤਾ ਦਾ ਤਿਆਗ ਨਹੀਂ ਕਰਦੀ, ਉਸ ਵੇਲੇ ਮੀਰੀ ਦੀ ਤਾਕਤ ਦੀ ਵਰਤੋਂ ਜਾਇਜ਼ ਹੈ। ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਨੇਕਾਂ ਯੁੱਧ ਇਸ ਤਾਕਤ ਨੂੰ ਬਰਕਰਾਰ ਰੱਖਣ ਵਾਸਤੇ ਕੀਤੇ।

# ੴ
## (ਸਿੱਖਾਂ ਦਾ ਧਾਰਮਿਕ ਚਿੰਨ੍ਹ)

ੴ ਸ਼ਬਦ ਦੋ ਹਿੱਸਿਆਂ ਦਾ ਜੋੜ ਹੈ। ਇਸ ਦਾ ਪਹਿਲਾ ਹਿੱਸਾ ਇਕ ਨੰਬਰ ਹੈ ਜੋ ਕਿ ਗਣਿਤ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ ਅਤੇ ਦੂਸਰਾ ਹਿੱਸਾ ਅੱਖਰ ਹੈ। ਅੱਖਰ ਅਤੇ ਨੰਬਰ ਹਮੇਸ਼ਾ ਅਲੱਗ ਰਹਿੰਦੇ ਹਨ, ਇਹਨਾਂ ਨੂੰ ਇੱਕਠੇ ਨਹੀਂ ਕੀਤਾ ਜਾ ਸਕਦਾ। ਠੀਕ, ਉਸੇ ਤਰ੍ਹਾਂ ਹੀ ਪਰਮੇਸ਼ਰ ਤੋਂ ਸੰਸਾਰ ਦਾ ਵਿਸਥਾਰ ਹੈ ਜੋ ਕਿ ਸੰਸਾਰ ਵਿੱਚ ਹੁੰਦਿਆਂ ਹੋਇਆਂ ਵੀ ਅਲੱਗ ਹੈ (ੴ) (ਇਕ ਓਅੰਕਾਰ) ਸ਼ਬਦ ਦਾ ਮੁਕੰਮਲ ਉਚਾਰਨ ਦਾ ਭਾਵ ਹੈ ਕਿ ਸੰਸਾਰ ਦਾ ਇਕ ਪਰਮੇਸ਼ਰ ਹੈ, ਜੋ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਪਾਲਦਾ ਹੈ ਅਤੇ ਫਿਰ ਖਤਮ ਕਰਦਾ ਹੈ। ਇੱਥੇ ਓ ਦਾ ਮੂੰਹ ਖੁੱਲ੍ਹਾ ਹੈ, ਜਿਸ ਦਾ ਭਾਵ ਹੈ ਕਿ ਉਸ ਅਕਾਲ ਪੁਰਖ ਦੀ ਸ਼ਕਤੀ ਬੇਅੰਤ ਹੈ ਤੇ ਉਸ ਦੀ ਕੋਈ ਵੀ ਸੀਮਾ ਨਹੀਂ ਹੈ ਜੋ ਇਕ ਲੈਅ ਹੈ ਤੇ ਹਰ ਸਮੇਂ ਵਿਸਥਾਰ ਵਿੱਚ ਹੈ ਅਤੇ ਉਸ ਬਾਰੇ ਮੁਕੰਮਲ ਰੂਪ ਵਿੱਚ ਕਹਿਣਾ ਨਾਮੁਮਕਨ ਹੈ। ਉਹ ਸਾਰਿਆਂ ਤੋਂ ਪਹਿਲਾਂ ਵੀ ਇਕ ਆਪ ਹੀ ਸੀ, ਹੁਣ ਵੀ ਉਹ ਆਪ ਇਕੋ ਹੈ ਅਤੇ ਅੰਤ ਵਿੱਚ ਵੀ ਉਹ ਆਪ ਇਕ ਹੀ ਰਹੇਗਾ। ਅਸੀਂ ਜੋ ਕੁਝ ਵੀ ਦੇਖਦੇ, ਸੁਣਦੇ ਹਾਂ, ਇਹ ਉਸ ਦਾ ਵਿਸਥਾਰ ਹੈ, ਅਸਲ ਵਿੱਚ ਉਹ ਆਪ ਹੀ ਹੈ। ਪਰ ਅਸੀਂ ਹਉਮੈ ਕਰਕੇ ਉਸ ਨੂੰ ਆਪਣੇ ਆਪ ਤੋਂ ਅਲੱਗ ਸਮਝਦੇ ਹਾਂ। ਇਹ ਵੀ ਉਸ ਦਾ ਖੇਲ ਹੈ ਅਤੇ ਅੰਤ ਵਿੱਚ ਜਦੋਂ ਉਹ ਆਪਣਾ ਖੇਲ ਖਤਮ ਕਰਦਾ ਹੈ ਤਾਂ ਮਦਾਰੀ ਦੀ ਪੋਟਲੀ ਦੀ ਤਰ੍ਹਾਂ ਸਭ ਕੁਛ ਆਪਣੇ ਆਪ ਵਿੱਚ ਸਮੇਟ ਲੈਂਦਾ ਹੈ ਤੇ ਫਿਰ ਆਪ ਇਕ ਹੀ ਰਹਿ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਰੂਆਤ ਵੀ ੴ ਤੋਂ ਕੀਤੀ ਹੈ, ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੴ ਦੇ ਅਰਥ ਦੀ ਵਿਸਥਾਰ-ਪੂਰਵਕ ਵਿਆਖਿਆ ਹੈ।



# ਪੰਜ ਕਕਾਰ ਤੇ ਉਨ੍ਹਾਂ ਦੀ ਮਹਾਨਤਾ




ਇਕ ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰ ਧਾਰਨ ਕਰਨੇ ਲਾਜ਼ਮੀ ਹਨ।

1. **ਕੇਸ** (ਲੰਮੇ ਅਣਕੱਟੇ ਵਾਲ) : ਅਣਕੱਟੇ ਕੇਸ ਸੂਰਮਤਾ, ਸੰਤਪੁਣੇ ਤੇ ਹਿੰਮਤ ਦੀ ਨਿਸ਼ਾਨੀ ਹਨ। ਕੇਸ ਨਿਰੰਕਾਰ ਦੇ ਹੁਕਮ ਨੂੰ ਮੰਨਣ ਦੀ ਵੀ ਨਿਸ਼ਾਨੀ ਹੈ। ਸਰੀਰ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਜਿੰਨੇ ਕੇਸ ਚਾਹੀਦੇ ਹਨ, ਪ੍ਰਮਾਤਮਾ ਨੇ ਸਾਨੂੰ ਉਨੇ ਹੀ ਦਿੱਤੇ ਹਨ। ਜੇਕਰ ਅਸੀਂ ਉਨ੍ਹਾਂ ਨੂੰ ਵਿਗਾੜਨ ਜਾਂ ਕੱਟਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉੱਨੇ ਹੀ ਫਿਰ ਆ ਜਾਂਦੇ ਹਨ। ਜੇਕਰ ਅਸੀਂ ਸਾਰੀ ਉਮਰ ਵੀ ਉਨ੍ਹਾਂ ਨੂੰ ਕੱਟਦੇ ਰਹੀਏ ਉਹ ਫਿਰ ਆ ਜਾਂਦੇ ਹਨ ਤੇ ਅਸੀਂ ਪ੍ਰਮਾਤਮਾ ਨੂੰ ਜਿਤ ਨਹੀਂ ਸਕਦੇ ਪ੍ਰਮਾਤਮਾ ਸਾਨੂੰ ਜਿਸ ਤਰ੍ਹਾਂ ਦਾ ਦੇਖਣਾ ਚਾਹੁੰਦਾ ਹੈ, ਸਾਨੂੰ ਉਸੇ ਤਰ੍ਹਾਂ ਦਾ ਬਣਾ ਦਿੰਦਾ ਹੈ, ਅੰਤ ਵਿੱਚ ਸਾਡੀ ਹਾਰ ਹੁੰਦੀ ਹੈ, ਹਾਰਿਆ ਹੋਇਆ ਇਨਸਾਨ ਪ੍ਰਮਾਤਮਾ ਦੀ ਦਰਗਾਹ ਵਿੱਚ ਕਬੂਲ ਨਹੀਂ ਹੁੰਦਾ।

2. **ਕੰਘਾ** (ਲੱਕੜ ਦਾ ਕੰਘਾ) : ਕੰਘਾ ਲੰਮੇ ਕੇਸਾਂ ਨੂੰ ਸਜਾਉਣ ਅਤੇ ਸਾਫ਼ ਰੱਖਣ ਵਿਚ ਮਦਦ ਕਰਦਾ ਹੈ। ਇਹ ਸਫਾਈ-ਪਸੰਦੀ ਦੀ ਨਿਸ਼ਾਨੀ ਹੈ। ਇਸ ਦੇ ਨਾਲ ਨਾਲ ਗੁਰਸਿੱਖ ਕੰਘੇ ਨੂੰ ਆਪਣੇ ਕੇਸਾਂ ਵਿੱਚ ਸਜਾਉਂਦੇ ਹਨ ਅਤੇ ਉਨ੍ਹਾਂ ਦੇ ਉਪਰ ਬਾਹਰਲੀਆਂ ਬਿਲਾਵਾਂ ਦਾ ਅਸਰ ਨਹੀਂ ਹੁੰਦਾ। ਜਿਸ ਤਰ੍ਹਾਂ ਪੈਰਾਂ ਵਿੱਚ ਲੱਕੜ ਦੀਆਂ ਖੜਾਵਾਂ ਜਾਂ ਲੱਕੜ ਤੇ ਖੜਨ ਨਾਲ ਕਰੰਟ ਨਹੀਂ ਲਗਦਾ, ਠੀਕ ਉਸੇ ਤਰ੍ਹਾਂ ਕੇਸਾਂ ਵਿੱਚ ਸਜਾਇਆ ਕੰਘਾ ਰੱਖਿਆ ਕਰਦਾ ਹੈ।

3. **ਕਿਰਪਾਨ** (ਤਲਵਾਰ) : ਇਕ ਕਿਰਪਾਨ (ਤਲਵਾਰ) ਬਾਦਸ਼ਾਹੀ ਤੇ ਸਰਦਾਰੀ ਦੀ ਨਿਸ਼ਾਨੀ ਹੈ। ਕਿਰਪਾਨ ਇਕ ਸਿੱਖ ਵਜੋਂ ਆਪਣੇ ਅਧਿਕਾਰਾਂ ਵਾਸਤੇ ਖੜ੍ਹੇ ਹੋਣ, ਸਚਾਈ, ਇਨਸਾਫ ਤੇ ਆਪਣੇ ਆਪ ਨੂੰ ਤੇ ਮਜਲੂਮਾਂ ਨੂੰ ਬਚਾਉਣ ਵਾਸਤੇ ਜ਼ਿੰਮੇਵਾਰੀ ਨਿਭਾਉਣ ਦੀ ਨਿਸ਼ਾਨੀ ਹੈ। ਹਰ ਸਮੇਂ ਇਸ ਸ਼ਸਤਰ ਨੂੰ ਧਾਰਨ ਕਰਨ ਦਾ ਮਤਲਬ ਇਹ ਵੀ ਹੈ ਕਿ ਸਿੱਖ ਨੇ ਹਮੇਸ਼ਾ ਬਹਾਦਰ ਸਿਪਾਹੀ ਦੀ ਤਰ੍ਹਾਂ ਆਪਣੇ ਵਿਕਾਰਾਂ ਨਾਲ ਲੜਾਈ ਕਰਨੀ ਹੈ ਅਤੇ ਸੂਰਬੀਰਾਂ ਦੀ ਤਰ੍ਹਾਂ ਸਤਿਗੁਰਾਂ ਦੀ ਕ੍ਰਿਪਾ ਨਾਲ ਆਪਣੀ ਆਣ ਨੂੰ ਬਰਕਰਾਰ ਰੱਖਣਾ ਹੈ। ਕਿਰਪਾਨ= ਕ੍ਰਿਪਾ+ ਆਨ ਇਹ ਸਿੱਖਾਂ ਉਪਰ ਸਤਿਗੁਰੂ ਜੀ ਦੀ ਕ੍ਰਿਪਾ ਤੇ ਖੁਸ਼ੀ ਦਾ ਪ੍ਰਤੀਕ ਹੈ।

4. **ਕੜਾ** (ਲੋਹੇ ਦਾ ਕੜਾ) : ਇਕ ਲੋਹੇ ਦਾ ਕੜਾ ਨਿਰੰਕਾਰ ਨਾਲ ਸਦੀਵੀ ਪਿਆਰ ਦੀ ਨਿਸ਼ਾਨੀ ਹੈ ਅਤੇ ਜਿਸ ਦਾ ਕੋਈ ਆਦਿ ਅਤੇ ਅੰਤ ਨਹੀਂ ਹੈ। ਇਸ ਵਿੱਚ ਗੋਲ ਖੰਡੇ ਵਾਲੇ ਚੱਕਰ ਦੇ ਸਾਰੇ ਗੁਣ ਹਨ। ਸਿੱਖ ਦੇ ਹੱਥ ਵਿੱਚ ਇਹ ਕੜਾ ਇਕ ਹੱਥਕੜੀ ਦੀ ਨਿਸ਼ਾਨੀ ਹੈ, ਜੋ ਕਿ ਉਸ ਨੂੰ ਪਰਮੇਸ਼ਰ ਦੇ ਹੁਕਮ ਵਿੱਚ ਚੱਲਣ ਦੀ ਹਦਾਇਤ ਕਰਦਾ ਹੈ। ਸਿੱਖ ਨੇ ਕੋਈ ਗਲਤ ਕੰਮ ਨਹੀਂ ਕਰਨਾ, ਜਿਸ ਨਾਲ ਕਿਸੇ ਦਾ ਨੁਕਸਾਨ ਹੋਵੇ ਅਤੇ ਉਨ੍ਹਾਂ ਚੀਜ਼ਾਂ ਦਾ ਸੇਵਨ ਨਹੀਂ ਕਰਨਾ, ਜਿਸ ਨਾਲ ਉਸ ਦੇ ਆਪਣੇ ਸਰੀਰ ਦਾ ਨੁਕਸਾਨ ਹੋਵੇ। ਸਿੱਖ ਦੇ ਕੜਾ ਪਹਿਨਣ ਦਾ ਮਤਲਬ ਹੀ ਇਹ ਹੈ ਕਿ ਆਪਣੇ ਆਪ ਨੂੰ ਪ੍ਰਮਾਤਮਾ ਦੇ ਹੁਕਮ (ਕਾਨੂੰਨ) ਦੇ ਅਧੀਨ ਕਰਨਾ ਹੈ।

5. **ਕਛਹਿਰਾ** (ਤੇੜ ਪਹਿਰਾਵਾ) : ਇਹ ਖਾਸ ਸਿਲਾਈ ਕਰਕੇ ਤਿਆਰ ਕੀਤਾ ਜਾਂਦਾ ਹੈ, ਜੋ ਸ਼ੁੱਧਤਾ ਤੇ ਬੰਧੇਜ ਦੀ ਨਿਸ਼ਾਨੀ ਹੈ। ਜੋ ਕਿ ਇਕ ਸਿੱਖ ਦੇ ਜਤੀ ਹੋਣ ਦਾ ਵੀ ਪ੍ਰਤੀਕ ਹੈ।

# ਅੰਮ੍ਰਿਤ (ਸਿੱਖ ਪਾਹੁਲ)

ਹਰੇਕ ਸਿੱਖ ਵਾਸਤੇ ਅੰਮ੍ਰਿਤ ਛਕਣਾ ਤੇ ਸਿੱਖ ਪੰਥ ਦੀਆਂ ਸਿੱਖਿਆਵਾਂ ਤੇ ਤੁਰਨਾ ਲਾਜ਼ਮੀ ਹੈ ।ਆਮ ਤੌਰ ਤੇ "ਅੰਮ੍ਰਿਤ ਸੰਚਾਰ" (ਪਾਹੁਲ) ਦੀ ਤਾਰੀਖ ਦਾ ਐਲਾਨ ਕੀਤਾ ਜਾਂਦਾ ਹੈ ।ਜਿਨ੍ਹਾਂ ਨੂੰ ਅੰਮ੍ਰਿਤਧਾਰੀ ਹੋਣ ਦੀ ਇੱਛਾ ਹੋਵੇ, ਉਹ ਆਪਣਾ ਨਾਮ ਲਿਖਵਾਉਂਦੇ ਹਨ।ਉਹ ਕੇਸਾ ਸਣੇ ਇਸ਼ਨਾਨ ਕਰਕੇ ਪੂਰੀ ਤਰ੍ਹਾਂ ਸਾਫ-ਸੁਥਰੇ ਹੋ ਕੇ ਅਣਕੱਟੇ ਲੰਮੇ ਕੇਸਾਂ ਨੂੰ ਸਾਫ ਕਰਕੇ ਤੇ ਪੰਜ ਕਕਾਰ ਧਾਰਨ ਕਰਕੇ ਅੰਮ੍ਰਿਤ ਦੀ ਰਸਮ ਤੇ ਹਾਜ਼ਰ ਹੋ ਜਾਂਦੇ ਹਨ।ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਤਿਆਰ ਕਰਦੇ ਹਨ ਤੇ ਹਿੱਸਾ ਲੈਣ ਵਾਲੇ ਅਭਿਲਾਖੀਆਂ ਨੂੰ ਵਾਰੀ-ਵਾਰੀ ਅੰਮ੍ਰਿਤ ਦੀ ਦਾਤ ਬਖਸ਼ੀ ਜਾਂਦੀ ਹੈ ਅਤੇ ਅੰਮ੍ਰਿਤ ਲੈਣ ਵੇਲੇ ਹਰ ਵਾਰੀ ਉਨ੍ਹਾਂ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ", ਬੁਲਾਉਣ ਵਾਸਤੇ ਆਖਿਆ ਜਾਂਦਾ ਹੈ।ਉਸ ਪਿਛੋਂ ਅਭਿਲਾਖੀ (ਅੰਮ੍ਰਿਤਧਾਰੀ) ਨੂੰ :



1. ਪੰਜ ਵਾਰ, ਅੰਮ੍ਰਿਤ ਦੀ ਘੁੱਟ ਪੀਣ ਵਾਸਤੇ ਦਿੱਤੀ ਜਾਂਦੀ ਹੈ, ਜੋ ਉਸ ਦੇ ਸਰੀਰ ਨੂੰ ਪਵਿੱਤ੍ਰ ਕਰਦੀ ਹੈ।
2. ਪੰਜ ਵਾਰ, ਉਸ ਦੀਆਂ ਅੱਖਾਂ ਤੇ ਅੰਮ੍ਰਿਤ ਛਿੜਕਿਆ ਜਾਂਦਾ ਹੈ, ਇਹ ਉਸ ਦੀਆਂ ਨਜ਼ਰਾਂ ਨੂੰ ਪਵਿੱਤ੍ਰ ਕਰਦਾ ਹੈ ਤਾਂਕਿ ਉਹ ਅਕਾਲ ਪੁਰਖ ਦੀ ਰਚਨਾ ਅਤੇ ਉਸ ਦੇ ਦ੍ਰਿਸ਼ ਨੂੰ ਸਾਫ ਦੇਖ ਸਕੇ ।
3. ਫਿਰ ਪੰਜ ਵਾਰ, ਉਸ ਦੇ ਕੇਸਾਂ ਤੇ ਅੰਮ੍ਰਿਤ ਛਿੜਕਿਆ ਜਾਂਦਾ ਹੈ, ਇਹ ਉਸ ਦੀ ਸੋਚ ਸਮਝ ਨੂੰ ਪਵਿੱਤ੍ਰ ਕਰਦਾ ਹੈ।

ਜਦੋਂ ਸਾਰੀ ਕਾਰਵਾਈ ਪੂਰੀ ਕਰ ਲਈ ਜਾਂਦੀ ਹੈ ਤਾਂ ਅਰਧ ਚੱਕਰ ਵਿਚ ਖੜਾ ਕੀਤਾ ਜਾਂਦਾ ਹੈ ਤੇ ਪੰਜ ਪਿਆਰਿਆਂ ਵਲੋਂ ਅੰਮ੍ਰਿਤ ਦਾ ਤਿਆਰ ਕੀਤਾ ਬਾਟਾ ਲੈ ਕੇ ਅੰਮ੍ਰਿਤ ਦੀ ਦਾਤ ਛੱਕਣ ਲਈ ਆਖਿਆ ਜਾਂਦਾ ਹੈ ਤੇ ਅੰਮ੍ਰਿਤ ਦਾ ਬਾਟਾ ਖੱਬੇ ਤੋਂ ਸੱਜੇ ਤੇ ਸੱਜੇ ਤੋਂ ਖੱਬੇ ਪੀਣ ਵਾਸਤੇ ਦਿੱਤਾ ਜਾਂਦਾ ਹੈ। ਇਹ ਰੂਹਾਨੀ ਲੋਕਰਾਜ ਤੇ ਸਮਾਜਿਕ ਬਰਾਬਰੀ ਦੇ ਭਰੋਸੇ ਦੀ ਹਾਮੀ ਭਰਦਾ ਹੈ ਅਤੇ ਇਕ ਸੱਚੇ ਆਦਰਸ਼ਕ ਜੀਵਨ ਦੀ ਨੀਂਵ ਰੱਖਦਾ ਹੈ।ਅੰਮ੍ਰਿਤ ਦੀ ਦਾਤ ਲੈਣ ਤੋਂ ਬਾਅਦ ਸਿੱਖ ਦਾ ਨਵਾਂ ਜਨਮ ਸਤਿਗੁਰੂ ਜੀ ਦੇ ਘਰ ਹੋ ਜਾਂਦਾ ਹੈ।ਸਤਿਗੁਰੂ ਸਿੱਖ ਦੇ ਪਿਛਲੇ ਗੁਨਾਂਹ ਧੋ ਦਿੰਦੇ ਹਨ।ਹੁਣ ਸਿੱਖ ਨੂੰ ਰਹਿਤ ਵਿੱਚ ਚੱਲਣ ਲਈ ਹਰਦਮ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ ਤਾਂ ਜੋ ਇਸ ਜਨਮ ਦੀ ਬਾਜ਼ੀ ਨੂੰ ਜਿੱਤ ਕੇ ਸਤਿਗੁਰਾਂ ਦੀ ਦਰਗਾਹ ਵਿੱਚ ਪਹੁੰਚਿਆ ਜਾਵੇ।

# ਨਾਮਕਰਨ ਦੀ ਰਸਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਵੇਂ ਜੰਮੇ ਬੱਚੇ ਦਾ ਨਾਮ ਮੁਕੱਰਰ ਕੀਤਾ ਜਾਂਦਾ ਹੈ। ਗ੍ਰੰਥੀ ਸਿੰਘ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ (ਸ਼ਬਦ) ਪੜ੍ਹਦੇ ਹਨ, ਉਸੇ ਹੁਕਮਨਾਮੇ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਆਵੇ, ਉਸ ਤੋਂ ਨਾਮ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਸੰਗਤ ਵਿੱਚ ਨਾਮ ਮੁਕੱਰਰ ਕੀਤਾ ਜਾਂਦਾ ਹੈ ਤੇ ਪ੍ਰਵਾਨਗੀ ਲਈ ਜਾਂਦੀ ਹੈ।



# ਅਨੰਦ ਕਾਰਜ (ਸਿੱਖ ਵਿਆਹ)

ਅਨੰਦ ਕਾਰਜ ਵਿਆਹ ਦੇ ਜੋੜੇ ਨੂੰ ਅਸ਼ੀਰਵਾਦ ਦੀ ਇਕ ਰਸਮ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਿਆਹ ਕਰਨ ਆਉਂਦੇ ਹਨ। ਇਸ ਰਸਮ ਦੇ ਦੌਰਾਨ ਵਿਆਹ ਵਾਲੇ ਜੋੜੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਆਉਣ ਤੇ ਬੈਠਣ ਦਾ ਹੁਕਮ ਕੀਤਾ ਜਾਂਦਾ ਹੈ। ਗ੍ਰੰਥੀ ਸਿੰਘ ਸਾਹਿਬਾਨ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਾਵਾਂ ਦਾ ਪਾਠ ਪੜ੍ਹਿਆ ਜਾਂਦਾ ਹੈ। ਸਿੱਖ ਰਹਿਤ ਮਰਿਆਦਾ ਐਡੀਸ਼ਨ ਜਨਵਰੀ 2003 ਅਨੰਦ ਕਾਰਜ ਸੰਸਕਾਰ ਦੇ ਪ੍ਰਕਰਨ ਅੰਦਰ ਪੰਨਾ 24, ਪੰਗਤੀ ਦਸ ਅਤੇ ਗਿਆਰਾਂ ਵਿੱਚ ਇਹ ਹਦਾਇਤ ਹੈ ਕਿ "ਵਰ ਕੰਨਿਆਂ ਮੱਥਾ ਟੇਕ ਕੇ ਅਗਲੀ ਲਾਵ ਸੁਨਣ ਲਈ ਖੜੇ ਹੋ ਜਾਣ" ਇਸ ਤੋਂ ਭਾਵ ਹੈ ਕਿ ਜਾਗਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਅੰਦਰ ਵਰ ਅਤੇ ਕੰਨਿਆਂ ਅੱਜ ਇੱਕ ਖਾਸ ਮਕਸਦ ਲਈ ਪੇਸ਼ ਹੋਏ ਹਨ। ਜਿਸ ਤਰ੍ਹਾਂ ਦੁਨਿਆਵੀ ਕੋਰਟਾਂ ਅੰਦਰ ਜੱਜ ਦੀ ਹਜ਼ੂਰੀ ਵਿੱਚ, ਜਿਨ੍ਹਾਂ ਦੀ ਪੇਸ਼ੀ ਹੁੰਦੀ ਹੈ, ਉਹ ਖੜੇ ਹੋ ਕੇ ਫੈਸਲਾ ਸੁਣਦੇ ਹਨ ਅਤੇ ਬਾਕੀ ਸਾਰੇ ਬੈਠ ਕੇ ਉਸ ਨੂੰ ਦੇਖਦੇ ਸੁਣਦੇ ਹਨ ਅਤੇ ਉਸ ਦੀ ਗਵਾਹੀ ਦਿੰਦੇ ਹਨ, ਠੀਕ ਉਸੇ ਤਰ੍ਹਾਂ ਸਤਿਗੁਰਾਂ ਦੀ ਹਜ਼ੂਰੀ ਅੰਦਰ ਸਾਰੀ ਸੰਗਤ ਬੈਠੀ ਰਹਿੰਦੀ ਹੈ ਪਰ ਵਰ ਅਤੇ ਕੰਨਿਆਂ ਖੜੇ ਰਹਿਣੇ ਚਾਹੀਦੇ ਹਨ ਕਿਉਂਕਿ ਇਸ ਲਾਵਾਂ ਦੇ ਪਾਠ ਦਾ ਹੁਕਮ ਅਤੇ ਸਾਰੀ ਰਸਮ ਉਨ੍ਹਾਂ ਵਾਸਤੇ ਹੈ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਭ ਤੋਂ ਪਹਿਲਾਂ ਇਸ ਰਸਮ ਦੀ ਸ਼ੁਰੂਆਤ ਲਈ ਭਾਈ ਸਾਹਿਬ ਅਰਦਾਸ ਕਰਦੇ ਹਨ। ਫਿਰ ਲੜਕੀ ਦੇ ਪਿਤਾ ਲੜਕੇ ਦੇ ਗਲੇ ਵਿੱਚ ਪਾਏ ਹੋਏ ਪੱਲੇ ਦਾ ਇਕ ਲੜ ਲੜਕੀ ਦੇ ਹੱਥ ਵਿੱਚ ਫੜਾ ਦਿੰਦਾ ਹੈ ਅਤੇ ਦੂਸਰੇ ਲੜ ਨੂੰ ਲੜਕਾ ਫੜ ਕੇ ਰੱਖਦਾ ਹੈ, ਇਸ ਨੂੰ ਪੱਲੇ ਦੀ ਰਸਮ ਵੀ ਆਖਿਆ ਜਾਂਦਾ ਹੈ। ਸਭ ਤੋਂ ਪਹਿਲਾਂ ਗ੍ਰੰਥੀ ਸਾਹਿਬ ਲਾਵਾਂ ਦਾ ਪਾਠ ਕਰਦੇ ਹਨ ਜੋ ਕਿ ਵਰ ਅਤੇ ਕੰਨਿਆਂ ਨੂੰ ਬੜੇ ਧਿਆਨ ਨਾਲ ਸੁਨਣਾ ਚਾਹੀਦਾ ਹੈ। ਫਿਰ ਉਹ ਦੋਨੋਂ ਮੱਥਾ ਟੇਕਦੇ ਹਨ ਜਿਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਪਹਿਲੀ ਲਾਵ ਦੇ ਹੁਕਮ ਨੂੰ ਮੰਨਿਆ ਹੈ। ਰਾਗੀ ਸਿੰਘ ਸਾਹਿਬਾਨ ਪਹਿਲੀ ਲਾਵ ਦਾ ਕੀਰਤਨ ਅਰੰਭ ਕਰਦੇ ਹਨ। ਵਰ ਅਤੇ ਕੰਨਿਆ ਸਤਿਗੁਰਾਂ ਨੂੰ ਸੱਜੇ ਪਾਸੇ ਰੱਖਦੇ ਹੋਏ ਸਤਿਗੁਰਾਂ ਦੀ ਪਰਿਕਰਮਾ ਕਰਦੇ ਹਨ। ਜਿਸ ਦਾ ਮਤਲਬ ਹੈ ਕਿ ਉਹ ਸਤਿਗੁਰੂ ਜੀ ਦੇ ਹੁਕਮ ਤੋਂ ਸਦਕੇ ਜਾਂਦੇ ਹਨ ਅਤੇ ਸਤਿਗੁਰਾਂ ਦੇ ਹੁਕਮ ਤੇ ਤੁਰਨ ਲਈ ਬਚਨ ਦਿੰਦੇ ਹਨ। ਰਾਗੀ ਸਿੰਘਾਂ ਵਲੋਂ ਲਾਵਾਂ ਦਾ ਕੀਰਤਨ ਪੂਰਾ ਹੋਣ ਤੇ ਉਸ ਨੂੰ ਮੰਨਦੇ ਹੋਏ ਮੱਥਾ ਟੇਕਦੇ ਹਨ ਅਤੇ ਫਿਰ ਦੂਸਰੀ ਲਾਵ ਦਾ ਪਾਠ ਹੁਕਮ ਸੁਣਨ ਲਈ ਹੱਥ ਬੰਨ੍ਹ ਕੇ ਖੜੇ ਹੋ ਜਾਂਦੇ ਹਨ। ਇਸ ਤਰ੍ਹਾਂ ਫਿਰ ਦੂਸਰੀ, ਤੀਸਰੀ ਅਤੇ ਚੌਥੀ ਲਾਵ ਦਾ ਪਾਠ ਹੁੰਦਾ ਹੈ। ਇਸ ਤੋਂ ਬਾਆਦ ਅਰਦਾਸ ਹੁੰਦੀ ਹੈ ਅਤੇ ਹੁਕਮਨਾਮਾ (ਅਸ਼ੀਰਵਾਦ) ਲਿਆ ਜਾਂਦਾ ਹੈ ਤੇ ਅਨੰਦ ਕਾਰਜ ਦੀ ਰਸਮ ਪੂਰੀ ਹੁੰਦੀ ਹੈ



# ਅਰਦਾਸ



ਅਰਦਾਸ ਇੱਕ ਸਿੱਖ ਦੀ ਆਪਣੇ ਸਤਿਗੁਰਾਂ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਦੀ ਪ੍ਰਕਿਰਿਆ ਹੈ। ਹਰ ਇਕ ਸਿੱਖ ਨੂੰ ਆਪਣੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ-ਬੇਨਤੀ ਕਰਨ ਦੀ ਖੁਲ੍ਹ ਹੈ। ਸਿੱਖ ਧਰਮ ਵਿੱਚ ਨਿਜੀ ਅਰਦਾਸ ਨਾਲੋਂ ਸਾਧਸੰਗਤ ਵਿੱਚ ਕੀਤੀ ਅਰਦਾਸ ਦਾ ਵਧੇਰੇ ਮਹੱਤਵ ਹੈ, ਕਿਉਕਿ "ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ"

# ਵਾਕ
## (ਦਿਨ ਦਾ ਹੁਕਮ)




ਅੰਮ੍ਰਿਤ ਵੇਲੇ ਹਰੇਕ ਗੁਰਦੁਆਰੇ ਜਾਂ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਉਸ ਵਿੱਚੋਂ ਇਕ ਸ਼ਬਦ ਪੜ੍ਹਨ ਦੀ ਪ੍ਰਕਿਰਿਆ ਨੂੰ ਵਾਕ ਜਾਂ ਹੁਕਮਨਾਮਾ ਆਖਿਆ ਜਾਂਦਾ ਹੈ। "ਹੁਕਮਨਾਮਾ" ਲੈਣ ਲੱਗਿਆਂ ਖੱਬੇ ਪੰਨੇ ਦੇ ਉਪਰਲੇ ਪਾਸਿਓ ਜੋਂ ਪਹਿਲਾ ਸ਼ਬਦ ਜਾਰੀ ਹੈ, ਉਸ ਨੂੰ ਮੁੱਢ ਤੋਂ ਪੜ੍ਹਨਾ ਚਾਹੀਦਾ ਹੈ। ਜੇਕਰ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਅੰਗ ਪਰਤ ਕੇ ਜਿਥੋਂ ਸ਼ਬਦ ਸ਼ੁਰੂ ਹੁੰਦਾ ਹੈ, ਉਥੋਂ ਪੜ੍ਹਨਾ ਚਾਹੀਦਾ ਹੈ।

# ਅਖੰਡ ਪਾਠ



ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜੀਵਤ ਗੁਰੂ ਦੇ ਰੂਪ ਵਿੱਚ ਆਦਰ-ਸਤਿਕਾਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਗੁਰਬਾਣੀ ਪੜ੍ਹਨ ਦੀ ਪ੍ਰਕਿਰਿਆ ਨੂੰ ਪਾਠ ਆਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ ਕਰਨ ਲਈ ਗੁਰਬਾਣੀ ਸੰਥਿਆ ਲੈਣੀ ਜ਼ਰੂਰੀ ਹੈ ਅਤੇ ਇਸ ਲਈ ਗੁਰਮੁਖੀ ਆਉਣੀ ਚਾਹੀਦੀ ਹੈ। ਜਨਮ, ਮੌਤ, ਵਿਆਹ, ਵਪਾਰ ਖੋਲ੍ਹਣ ਵੇਲੇ, ਵਿਦੇਸ਼ ਜਾਣ ਵੇਲੇ ਜਾਂ ਕਿਸੇ ਹੋਰ ਮੌਕੇ ਤੇ ਸਤਿਗੁਰਾਂ ਤੋਂ ਅਸ਼ੀਰਵਾਦ ਲੈਣ ਲਈ ਪਾਠ ਕੀਤੇ ਜਾਂਦੇ ਹਨ।

**ਅਖੰਡ ਪਾਠ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਅੰਗ ਤੋਂ ਸ਼ੁਰੂ ਹੋ ਕੇ ਅਖੀਰਲੇ ਅੰਗ ਤੱਕ ਲਗਾਤਾਰ (ਦਿਨ-ਰਾਤ) ਗੁਰਬਾਣੀ ਪੜ੍ਹਨ ਦੀ ਪ੍ਰਕਿਰਿਆ ਨੂੰ ਅਖੰਡ ਪਾਠ ਕਿਹਾ ਜਾਂਦਾ ਹੈ।

**ਸਹਿਜ ਪਾਠ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਅੰਗ ਤੋਂ ਸ਼ੁਰੂ ਹੋ ਕੇ ਅਖੀਰਲੇ ਅੰਗ ਤੱਕ ਹਰ ਰੋਜ਼ ਥੋੜ੍ਹੇ ਅੰਗਾਂ ਤੋਂ ਗੁਰਬਾਣੀ ਪੜ੍ਹਨ ਦੀ ਪ੍ਰਕਿਰਿਆ ਨੂੰ ਸਹਿਜ ਪਾਠ ਆਖਿਆ ਜਾਂਦਾ ਹੈ। ਇਸ ਵਿੱਚ ਸਮੇਂ ਦੀ ਕੋਈ ਪਾਬੰਦੀ ਨਹੀਂ ਹੈ, ਸਹਿਜ ਪਾਠ ਕੁਝ ਮਹੀਨਿਆਂ ਵਿੱਚ ਵੀ ਖਤਮ ਕੀਤਾ ਜਾ ਸਕਦਾ ਹੈ।

# ਲੰਗਰ



ਲੰਗਰ ਇਕ ਉਹ ਪਵਿੱਤਰ ਪ੍ਰਸ਼ਾਦਾ ਹੈ, ਜਿਸ ਨੂੰ ਹਰ ਇਕ ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨੂੰ ਉਚਾਰਦੇ ਹੋਏ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਨੂੰ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਕੇ ਭੋਗ ਲਗਵਾਇਆ ਜਾਂਦਾ ਹੈ। ਲੰਗਰ ਤਿਆਰ ਕਰਨ ਵੇਲੇ ਸਾਰੇ ਸੇਵਕ ਮਿਲ ਕੇ ਸਹਿਯੋਗ ਦਿੰਦੇ ਹਨ ਅਤੇ ਇਹ ਸਾਰੇ ਗੁਰਦੁਆਰਿਆਂ ਵਿੱਚ ਮੁਫਤ ਵੰਡਿਆ ਜਾਂਦਾ ਹੈ। ਲੰਗਰ ਦੀ ਰੀਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ ਸੀ ਅਤੇ ਇਸ ਰੀਤ ਨੂੰ ਸਾਰੇ ਸਿੱਖ ਗੁਰੂਆਂ ਨੇ ਜਾਰੀ ਰੱਖਿਆ ਹੈ। ਸਤਿਗੁਰੂਆਂ ਨੇ ਜਾਤ-ਪਾਤ ਅਤੇ ਉਚ-ਨੀਚ ਨੂੰ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ ਦਿੱਤੀ ਅਤੇ ਸਾਰਿਆਂ ਨੂੰ ਇੱਕ ਪੰਗਤੀ ਵਿੱਚ ਲੰਗਰ ਛਕਾ ਕੇ ਬਰਾਬਰਤਾ ਦਾ ਸੰਦੇਸ਼ ਦਿੱਤਾ। ਹੁਣ ਜਿਹੜੀ ਸੰਗਤ ਗੁਰਦੁਆਰੇ ਮੱਥਾ ਟੇਕਣ ਜਾਂਦੀ ਹੈ, ਉਹ ਗੁਰਦੁਆਰੇ ਇੱਕ ਪੰਗਤੀ ਵਿੱਚ ਬੈਠ ਕੇ ਲੰਗਰ ਛੱਕਦੀ ਹੈ।

# ਜੀਵਨ ਬਿਓਰਾ ਗੁਰੂ ਸਾਹਿਬਾਨ

## ਸ੍ਰੀ ਗੁਰੂ ਨਾਨਕ ਦੇਵ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਕਲਿਆਣ ਦਾਸ ਜੀ/ਤ੍ਰਿਪਤਾ ਜੀ |
| ਪ੍ਰਕਾਸ਼ ਅਸਥਾਨ | ਤਲਵੰਡੀ ਰਾਏ ਭੋਇ ਕੀ, ਸ੍ਰੀ ਨਨਕਾਨਾ ਸਾਹਿਬ (ਪਾਕਿਸਤਾਨ) |
| ਪ੍ਰਕਾਸ਼ ਮਿਤੀ, ਸੰਨ, ਸੰਮਤ | 15/11/1469 ਕਤਕ ਸੁਦੀ 15, ਪੂਰਨਮਾਸ਼ੀ 1526, |
| ਬੰਸ | ਬੇਦੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ | ਮਾਤਾ ਸੁਲੱਖਣੀ ਜੀ, 12 ਸਤੰਬਰ 1487, ਭਾਦੋਂ ਸੁਦੀ 7, 1544 |
| ਸੰਤਾਨ | ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਚੰਦ ਜੀ |
| ਭੈਣ | ਬੀਬੀ ਨਾਨਕੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | ਪ੍ਰਕਾਸ਼ ਸਮੇਂ ਤੋਂ 70 ਸਾਲ |
| ਪਵਿੱਤਰ ਨਗਰ ਵਸਾਏ | ਕਰਤਾਰਪੁਰ (ਪਾਕਿਸਤਾਨ) ਰਾਵੀ ਕੰਢੇ 1504 |
| ਜੋਤੀ ਜੋਤ ਸਮਾਏ | 22/09/1539 ਅਸੂ ਵਦੀ 10, 1596 ਕਰਤਾਰਪੁਰ (ਪਾਕਿਸਤਾਨ) |
| ਬਾਣੀ ਰਚਨਾ | ਜਪੁ, ਸਿਧ ਗੋਸਟਿ, ਸੋਦਰ, ਸੋਹਿਲਾ, ਆਰਤੀ, ਰਾਮਕਲੀ ਦੱਖਣੀ ਓਅੰਕਾਰ, ਆਸਾ ਦੀ ਵਾਰ, ਮਲਾਰ ਤੇ ਮਾਝ ਦੀ ਵਾਰ, ਪੱਟੀ, ਬਾਰਹ ਮਾਹ, ਕੁਲ 974 ਸ਼ਬਦ 19 ਰਾਗਾਂ ਵਿਚ । |
| ਕੁਲ ਉਮਰ | 70 ਵਰ੍ਹੇ |
| ਸਮਕਾਲੀਨ ਹੁਕਮਰਾਨ | ਬਹਿਲੋਲ ਲੋਧੀ, ਸਿਕੰਦਰ ਲੋਧੀ, ਇਬਰਾਹੀਮ ਲੋਧੀ, ਬਾਬਰ, ਹਮਾਯੂੰ |

## ਸ੍ਰੀ ਗੁਰੂ ਅੰਗਦ ਦੇਵ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਫੇਰੂ ਮਲ ਜੀ/ਮਾਤਾ ਦਯਾ ਕੌਰ ਜੀ |
| ਪ੍ਰਕਾਸ਼ ਅਸਥਾਨ | ਮਤੇ (ਨਾਂਗੇ) ਦੀ ਸਰਾਂ, ਜ਼ਿਲ੍ਹਾਂ ਮੁਕਤਸਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 31/03/1504, ਵਿਸਾਖ ਸੁਦੀ 1, 1561, |
| ਬੰਸ | ਤ੍ਰੇਹਣ ਖੱਤਰੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ | ਮਾਤਾ ਖੀਵੀ ਜੀ, 29 ਜਨਵਰੀ 1519, 16 ਮਾਘ 1576 |
| ਸੰਤਾਨ | ਬਾਬਾ ਦਾਸੂ ਜੀ, ਬਾਬਾ ਦਾਤੂ ਜੀ, ਬੀਬੀ ਅਮਰੋ, ਬੀਬੀ ਅਣੋਖੀ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 17/09/1539, ਅੱਸੂ ਵਦੀ 5, 1596, 12 ਸਾਲ 9 ਮਹੀਨੇ |
| ਪਵਿੱਤਰ ਨਗਰ ਵਸਾਏ | ਖਡੂਰ ਸਾਹਿਬ, 1539 |
| ਜੋਤੀ ਜੋਤ ਸਮਾਏ | 1/4/1552, ਚੇਤਰ ਸੁਦੀ 4, 1609, ਖਡੂਰ ਸਾਹਿਬ |
| ਬਾਣੀ ਰਚਨਾ | ਕੁਲ 63 ਸਲੋਕ 10 ਵਾਰਾਂ ਵਿਚ |
| ਕੁਲ ਉਮਰ | 48 ਵਰ੍ਹੇ |
| ਸਮਕਾਲੀਨ ਹੁਕਮਰਾਨ | ਹਮਾਯੂੰ, ਸ਼ੇਰ ਸ਼ਾਹ ਸੂਰੀ, ਇਸਲਾਮ ਸ਼ਾਹ ਸੂਰੀ |

## ਸ੍ਰੀ ਗੁਰੂ ਅਮਰਦਾਸ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਪਿਤਾ ਤੇਜ ਭਾਨ ਜੀ/ਮਾਤਾ ਸੁਲੱਖਣੀ ਜੀ |
| ਪ੍ਰਕਾਸ਼ ਅਸਥਾਨ | ਬਾਸਰਕੇ ਜ਼ਿਲ੍ਹਾਂ, ਅੰਮ੍ਰਿਤਸਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 5/5/1479, ਵਿਸਾਖ ਸੁਦੀ 14, 1536 |
| ਬੰਸ | ਭੱਲੇ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ | ਮਾਤਾ ਰਾਮੋ ਜੀ, 24 ਜਨਵਰੀ 1502, 11 ਮਾਘ 1559 |
| ਸੰਤਾਨ | ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ, ਬੀਬੀ ਦਾਨੀ ਜੀ, ਬੀਬੀ ਭਾਨੀ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 29/03/1552, ਚੇਤਰ ਸੁਦੀ 1, 1609, 22 ਸਾਲ 6 ਮਹੀਨੇ |
| ਪਵਿੱਤਰ ਨਗਰ ਵਸਾਏ | ਗੋਇੰਦਵਾਲ ਬਿਆਸ ਕੰਢੇ 1552 ਈ: ਨੂੰ |
| ਜੋਤੀ ਜੋਤ ਸਮਾਏ | 1/9/1574, ਭਾਦੋਂ ਸੁਦੀ 15, 1631, ਸ੍ਰੀ ਗੋਇੰਦਵਾਲ ਸਾਹਿਬ |
| ਬਾਣੀ ਰਚਨਾ | ਅਨੰਦ ਸਾਹਿਬ, ਕੁਲ 907 ਸ਼ਬਦ, ਸਲੋਕ ਛੰਤ 17 ਰਾਗਾਂ ਵਿਚ ਹਨ |
| ਕੁਲ ਉਮਰ | 95 ਵਰ੍ਹੇ |
| ਸਮਕਾਲੀਨ ਹੁਕਮਰਾਨ | ਫੀਰੋਜ਼ਸ਼ਾਹ, ਮੁਹੰਮਦ ਆਦਲ ਸ਼ਾਹ, ਹਮਾਯੂੰ, ਅਕਬਰ |

## ਸ੍ਰੀ ਗੁਰੂ ਰਾਮਦਾਸ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਹਰੀਦਾਸ ਜੀ/ਮਾਤਾ ਦਯਾ ਕੌਰ ਜੀ |
| ਪ੍ਰਕਾਸ਼ ਅਸਥਾਨ | ਚੂਨਾ ਮੰਡੀ, ਲਾਹੌਰ (ਪਾਕਿਸਤਾਨ) |
| ਪ੍ਰਕਾਸ਼ ਮਿਤੀ, ਸੰਨ, ਸੰਮਤ | 24/9/1534, ਕਤਕ ਵਦੀ 2, 1591 |
| ਬੰਸ | ਸੋਢੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ | ਮਾਤਾ ਭਾਨੀ ਜੀ, 5 ਮਾਰਚ 1553, 22 ਫੱਗਣ 1610, |
| ਸੰਤਾਨ | ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ, ਗੁਰੂ ਅਰਜਨ ਦੇਵ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 30/08/1574, ਭਾਦੋਂ ਸੁਦੀ 13, 1631, 7 ਸਾਲ |
| ਪਵਿੱਤਰ ਨਗਰ ਵਸਾਏ | ਸ੍ਰੀ ਅੰਮ੍ਰਿਤਸਰ, 18 ਜੂਨ 1573 |
| ਜੋਤੀ ਜੋਤ ਸਮਾਏ | 01/09/1581, ਭਾਦੋਂ ਸੁਦੀ 3, 1638, ਸ੍ਰੀ ਗੋਇੰਦਵਾਲ ਸਾਹਿਬ |
| ਬਾਣੀ ਰਚਨਾ | ਕੁਲ ਸ਼ਬਦ ਸਲੋਕ, ਛੰਦ ਆਦਿ 679, 30 ਰਾਗਾਂ ਵਿਚ ਹਨ |
| ਕੁਲ ਉਮਰ | 47 ਵਰ੍ਹੇ |
| ਸਮਕਾਲੀਨ ਹੁਕਮਰਾਨ | ਅਕਬਰ |

## ਸ੍ਰੀ ਗੁਰੂ ਅਰਜਨ ਦੇਵ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਗੁਰੂ ਰਾਮ ਦਾਸ ਜੀ/ਮਾਤਾ ਭਾਨੀ ਜੀ |
| ਪ੍ਰਕਾਸ਼ ਅਸਥਾਨ | ਸ੍ਰੀ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 15/4/1563 ਵਿਸਾਖ, ਸੁਦੀ 7, 1620 |
| ਬੰਸ | ਸੋਢੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ | ਸ੍ਰੀ ਗੰਗਾ ਜੀ, 1 ਜੁਲਾਈ 1589, 18 ਹਾੜ, 1646 |
| ਸੰਤਾਨ | ਸ੍ਰੀ ਗੁਰੂ ਹਰਿਗੋਬਿੰਦ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 01/09/1581 ਭਾਦੋਂ, ਸੁਦੀ 2, 1638, 25 ਸਾਲ |
| ਪਵਿੱਤਰ ਨਗਰ ਵਸਾਏ | ਸ੍ਰੀ ਹਰਗੋਬਿੰਦਪੁਰ ਬਿਆਸ ਕੰਢੇ 1587, ਤਰਨਤਾਰਨ 1590,<br>ਕਰਤਾਰਪੁਰ ਸੋਡੀਆਂ 1593, ਛੇਹਰਟਾ 1595 |
| ਜੋਤੀ ਜੋਤ ਸਮਾਏ | 30/5/1606, ਜੇਠ ਸੁਦੀ 4, 1663, ਲਾਹੌਰ (ਪਾਕਿਸਤਾਨ) |
| ਬਾਣੀ ਰਚਨਾ | ਗਉੜੀ ਸੁਖਮਨੀ, ਮਾਝ, ਬਾਰਹ ਮਾਹ, ਬਾਵਨ ਅੱਖਰੀ, ਕੁਲ ਸ਼ਬਦ 2218, 30 ਰਾਗਾਂ ਵਿਚ ਹਨ |
| ਕੁਲ ਉਮਰ | 43 ਵਰ੍ਹੇ |
| ਸਮਕਾਲੀਨ ਹੁਕਮਰਾਨ | ਅਕਬਰ, ਜਹਾਂਗੀਰ |

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਗੁਰੂ ਅਰਜਨ ਦੇਵ ਜੀ/ਮਾਤਾ ਗੰਗਾ ਜੀ |
| ਪ੍ਰਕਾਸ਼ ਅਸਥਾਨ | ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 19/6/1595, ਹਾੜ ਵਦੀ 1, 1652, |
| ਬੰਸ | ਸੋਢੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ | ਮਾਤਾ ਦਮੋਦਰੀ ਜੀ, 25 ਜਨਵਰੀ 1605, ਮਾਤਾ ਨਾਨਕੀ ਜੀ 20 ਅਪ੍ਰੈਲ 1613<br>ਮਾਤਾ ਮਹਾਂਦੇਵੀ ਜੀ 1 ਅਕਤੂਬਰ, 1620, |
| ਸੰਤਾਨ | ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਇ ਜੀ, ਬਾਬਾ ਅੱਟਲ ਰਾਇ ਜੀ, ਗੁਰੂ ਤੇਗ ਬਹਾਦਰ ਜੀ,<br>ਬਾਬਾ ਸੂਰਜ ਮੱਲ ਜੀ, ਬੀਬੀ ਵੀਰੋ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 22/05/1606, ਜੇਠ ਵਦੀ 8, 1663, 38 ਸਾਲ |
| ਪਵਿੱਤਰ ਨਗਰ ਵਸਾਏ | ਭਾਈ ਰੂਪਾ (ਬਠਿੰਡਾ) 1622, ਕੀਰਤਪੁਰ 1626 |
| ਜੋਤੀ ਜੋਤ ਸਮਾਏ | 3/3/1644, ਚੇਤ ਸੁਦੀ 5, 1701 ਕੀਰਤਪੁਰ ਸਾਹਿਬ (ਰੋਪੜ) |
| ਕੁਲ ਉਮਰ | 49 ਵਰ੍ਹੇ |
| ਸਮਕਾਲੀਨ ਹੁਕਮਰਾਨ | ਜਹਾਂਗੀਰ, ਸ਼ਾਹਜਹਾਂ |

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਬਾਬਾ ਗੁਰਦਿੱਤਾ ਜੀ/ਮਾਤਾ ਨਿਹਾਲ ਕੌਰ ਜੀ |
| ਪ੍ਰਕਾਸ਼ ਅਸਥਾਨ | ਕੀਰਤਪੁਰ ਸਾਹਿਬ (ਰੋਪੜ) |
| ਪ੍ਰਕਾਸ਼ ਮਿਤੀ, ਸੰਨ, ਸੰਮਤ | 16/1/1630 ਮਾਘ ਸੁਦੀ 13, 1686, |
| ਬੰਸ | ਸੋਢੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ ਅਤੇ ਵਾਰ | ਕ੍ਰਿਸ਼ਨ ਕੌਰ ਜੀ, 19 ਜੂਨ 1640, ਹਾੜ ਸੁਦੀ 3, 1697 |
| ਸੰਤਾਨ | ਬਾਬਾ ਰਾਮਰਾਇ ਜੀ, ਬੀਬੀ ਰੂਪ ਕੌਰ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 24/02/1644, ਚੇਤ ਵਦੀ 13, 1701, 17 ਸਾਲ 6 ਮਹੀਨੇ। |
| ਜੋਤੀ ਜੋਤ ਸਮਾਏ | 6/10/1661, ਕਤਕ ਵਦੀ 9, 1718, ਕੀਰਤਪੁਰ ਸਾਹਿਬ (ਰੋਪੜ)। |
| ਕੁਲ ਉਮਰ | 32 ਵਰ੍ਹੇ |
| ਸਮਕਾਲੀਨ ਹੁਕਮਰਾਨ | ਸ਼ਾਹਜਹਾਂ, ਔਰੰਗਜ਼ੇਬ । |

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਗੁਰੂ ਹਰਿਰਾਇ ਸਾਹਿਬ ਜੀ/ਕ੍ਰਿਸ਼ਨ ਕੌਰ ਜੀ |
| ਪ੍ਰਕਾਸ਼ ਅਸਥਾਨ | ਕੀਰਤਪੁਰ ਸਾਹਿਬ (ਰੋਪੜ) |
| ਪ੍ਰਕਾਸ਼ ਮਿਤੀ, ਸੰਨ, ਸੰਮਤ | 7/7/1656 ਸਾਵਨ ਵਦੀ 9, 1713, |
| ਬੰਸ | ਸੋਢੀ |
| ਭਰਾ | ਸ੍ਰੀ ਰਾਮਰਾਇ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 06/10/1661 ਕਤਕ ਵਦੀ 09, 1718 2 ਸਾਲ 6 ਮਹੀਨੇ |
| ਜੋਤੀ ਜੋਤ ਸਮਾਏ | 30/3/1664, ਚੇਤ ਸੁਦੀ 13, 1721. ਭੋਗਲ ਦਿੱਲੀ |
| ਕੁਲ ਉਮਰ | 8 ਵਰ੍ਹੇ |
| ਸਮਕਾਲੀਨ ਹੁਕਮਰਾਨ | ਔਰੰਗਜ਼ੇਬ |



## ਸ੍ਰੀ ਗੁਰੂ ਤੇਗ ਬਹਾਦਰ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਮਾਤਾ ਨਾਨਕੀ ਜੀ |
| ਪ੍ਰਕਾਸ਼ ਅਸਥਾਨ | ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 1/4/1621, ਵਿਸਾਖ ਵਦੀ 5, 1678, |
| ਬੰਸ | ਸੋਢੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ ਅਤੇ ਵਾਰ | ਮਾਤਾ ਗੁਜਰੀ ਜੀ, 1 ਅਕਤੂਬਰ 1632, 16 ਅੱਸੂ 1689, |
| ਸੰਤਾਨ | ਗੁਰੂ ਗੋਬਿੰਦ ਸਿੰਘ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 11/08/1664, ਸਾਵਣ ਅਮਾਵਸ 1721, 11 ਸਾਲ 6 ਮਹੀਨੇ |
| ਪਵਿੱਤਰ ਨਗਰ ਵਸਾਏ | ਸ੍ਰੀ ਅਨੰਦਪੁਰ ਸਾਹਿਬ ਸਤਲੁਜ ਕੰਢੇ 19 ਜੂਨ 1665 |
| ਜੋਤੀ ਜੋਤ ਸਮਾਏ | 11/11/1675, ਮੱਘਰ ਸੁਦੀ 5, 1732 ਚਾਂਦਨੀ ਚੌਂਕ, ਦਿੱਲੀ |
| ਬਾਣੀ ਰਚਨਾ | ਕੁਲ 116 ਸ਼ਬਦ ਅਤੇ ਸਲੋਕ, 16 ਰਾਗਾਂ ਵਿਚ ਹਨ |
| ਕੁਲ ਉਮਰ | 54 ਵਰ੍ਹੇ |
| ਸਮਕਾਲੀਨ ਹੁਕਮਰਾਨ | ਔਰੰਗਜ਼ੇਬ |

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

| | |
|---|---|
| ਨਾਮ ਪਿਤਾ ਜੀ/ਮਾਤਾ ਜੀ | ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ |
| ਪ੍ਰਕਾਸ਼ ਅਸਥਾਨ | ਸ੍ਰੀ ਪਟਨਾ ਸਾਹਿਬ, ਬਿਹਾਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 22/12/1666, ਪੋਹ ਸੁਦੀ ਸਤਵੀਂ 1723, |
| ਬੰਸ | ਸੋਢੀ |
| ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ ਅਤੇ ਵਾਰ | ਮਾਤਾ ਅਜੀਤ ਕੌਰ ਜੀ 5 ਜੁਲਾਈ 1677 ਮਾਤਾ ਸੁੰਦਰ ਕੌਰ ਜੀ 17 ਅਪ੍ਰੈਲ 1684, ਮਾਤਾ ਸਾਹਿਬ ਕੌਰ ਜੀ 30 ਅਕਤੂਬਰ 1700 |
| ਸੰਤਾਨ | ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ |
| ਗੁਰਿਆਈ ਦੀ ਮਿਤੀ ਅਤੇ ਸਮਾਂ | 11/11/1675, ਮੱਘਰ ਸੁਦੀ 5, 1732 33 ਸਾਲ |
| ਪਵਿੱਤਰ ਨਗਰ ਵਸਾਏ | ਗੁਰੂ ਕਾ ਲਾਹੌਰ ਜੂਨ 1677, ਸ੍ਰੀ ਪਾਉਂਟਾ ਸਾਹਿਬ ਜਮਨਾ ਕੰਢੇ 1684, ਬਭੌਰ ਸਾਹਿਬ 1689, ਮੁਕਤਸਰ 1705 ਗੁਰੂ ਕੀ ਕਾਸ਼ੀ ਦਮਦਮਾ ਸਾਹਿਬ 1706 |
| ਜੋਤੀ ਜੋਤ ਸਮਾਏ | 7/10/1708, ਕੱਤਕ ਸੁਦੀ 5, 1765 ਸ੍ਰੀ ਹਜ਼ੂਰ ਸਾਹਿਬ ਨਾਂਦੇੜ, (ਮਹਾਰਾਸ਼ਟਰ) |
| ਬਾਣੀ ਰਚਨਾ | ਜਾਪ ਸਾਹਿਬ , ਅਕਾਲ ਉਸਤਤਿ, ਚੌਪਈ, ਬਚਿੱਤਰ ਨਾਟਕ, ਸਵੈਯੇ, ਸ਼ਬਦ ਹਜ਼ਾਰੇ, ਜ਼ਫਰਨਾਮਾ (ਦਸਮ ਗ੍ਰੰਥ) |
| ਕੁਲ ਉਮਰ | 42 ਵਰ੍ਹੇ |
| ਸਮਕਾਲੀਨ ਹੁਕਮਰਾਨ | ਔਰੰਗਜ਼ੇਬ, ਬਹਾਦੁਰ ਸ਼ਾਹ |

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

| | |
|---|---|
| ਪ੍ਰਕਾਸ਼ ਅਸਥਾਨ | ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ |
| ਪ੍ਰਕਾਸ਼ ਮਿਤੀ, ਸੰਨ, ਸੰਮਤ | 28/08/1604 ਭਾਦੋਂ ਸੁਦੀ 1, 1661 |
| ਗੁਰਿਆਈ ਅਤੇ ਸਮਾਂ | 04/10/1708, ਕਤਕ ਸੁਦੀ 2,. 1765 ਨਾਂਦੇੜ (ਮਹਾਂਰਾਸ਼ਟਰ) |
| ਬਾਣੀ ਰਚਨਾ | ਗੁਰੂ ਸਾਹਿਬਾਨ, ਭਗਤ, ਭੱਟ ਅਤੇ ਸੇਵਕ |
| ਕੁਲ ਰਾਗ | 31 |
| ਕੁਲ ਸ਼ਬਦ | 5867 |
| ਕੁਲ ਅੰਗ | 1430 |
| ਉਮਰ | ਜੁਗੋਜੁਗ ਅਟਲ |

**ਪੰਜ ਪਿਆਰੇ:-** ਜਿਨਾਂ ਨੂੰ ਦਸਮ ਪਿਤਾ ਨੇ 13 ਐਪ੍ਰਲ ਵਿਸਾਖੀ ਸੰਨ 1699 (ਸੰਮਤ 1756) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ (1) ਭਾਈ ਦਇਆ ਸਿੰਘ ਜੀ, (2) ਭਾਈ ਧਰਮ ਸਿੰਘ ਜੀ, (3) ਭਾਈ ਹਿੰਮਤ ਸਿੰਘ ਜੀ, (4) ਭਾਈ ਮੋਹਕਮ ਸਿੰਘ ਜੀ, (5) ਭਾਈ ਸਾਹਿਬ ਸਿੰਘ ਜੀ,

**ਪੰਜ ਬਾਣੀਆਂ:-** ਜਪੁਜੀ ਸਾਹਿਬ, ਜਾਪੁ ਸਾਹਿਬ, ਸਵੈਯੇ ਪਾਤਸ਼ਾਹੀ 10 (ਸ੍ਰਾਵਗ ਸੁਧ) ਚੌਪਈ, ਅਨੰਦ ਸਾਹਿਬ, ਸ਼ਾਮ ਸਮੇਂ ਦੀਆਂ ਬਾਣੀਆਂ ਸੋਦਰੁ, ਰਹਿਰਾਸ, ਕੀਰਤਨ ਸੋਹਿਲਾ

**ਪੰਜ ਕਕਾਰ:-** ਕੇਸ, ਕੰਘਾ, ਕ੍ਰਿਪਾਨ, ਕੜਾ, ਕਛਹਿਰਾ

**ਪੰਜ ਤਖ਼ਤ:-** (1) ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ (ਪੰਜਾਬ), (2) ਸ੍ਰੀ ਪਟਨਾ ਸਾਹਿਬ, ਬਿਹਾਰ, (3) ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ (ਪੰਜਾਬ) (4) ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ), (5) ਦਮਦਮਾ ਸਾਹਿਬ, ਤਲਵੰਡੀ ਸਾਬੋਂ ਕੀ, ਬਠਿੰਡਾ (ਪੰਜਾਬ)

**ਚਾਰ ਕੁਰਹਿਤਾਂ:-** ਕੇਸਾਂ ਦੀ ਬੇਅਦਬੀ ਕਰਨਾ, ਕੁਠਾ ਮਾਸ ਖਾਣਾ, ਪਰਾਈ ਇਸਤਰੀ ਜਾਂ ਮਰਦ ਨੂੰ ਮੰਦ ਭਾਵਨਾ ਨਾਲ ਵੇਖਣਾ, ਤੰਬਾਕੂ ਦੀ ਵਰਤੋਂ ਕਰਨਾ।

**ਸਿੱਖ ਪੰਥ ਦੇ ਕੇਂਦਰੀ ਧਰਮ ਸਥਾਨ:-** ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 14 ਜਨਵਰੀ 1588 ਨੂੰ ਸਾਂਈ ਮੀਆਂ ਮੀਰ ਜੀ ਤੋਂ ਰਖਵਾਈ।

**ਸਿੱਖੀ ਦਾ ਮੂਲ ਸਿਧਾਂਤ:-** ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਸਿੱਖ ਕੌਮੀ ਤਰਾਨਾ

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿੱਖ ਹੌਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

ਹੇ ਅਕਾਲ ਪੁਰਖ ! ਮੈਨੂੰ ਇਹ ਵਰਦਾਨ ਦਿਉ ਕਿ ਮੈਂ ਕਦੇ ਵੀ ਸ਼ੁਭ ਕੰਮ ਕਰਨ ਤੋਂ ਝਿਜਕ ਨਾ ਕਰਾਂ। ਜੰਗ-ਏ-ਮੈਦਾਨ ਵਿਚ ਦੁਸ਼ਮਨ ਤੋਂ ਕਦੇ ਭੀ ਨਾ ਡਰਾਂ ਤੇ ਨਿਸਚੇ ਕਰਕੇ ਜੰਗ ਵਿਚ ਜ਼ਰੂਰ ਫਤਹਿ ਹਾਸਲ ਕਰਾਂ। ਆਪਣੇ ਮਨ ਨੂੰ ਸਿੱਖਿਆ ਦੇਣ ਦੇ ਬਹਾਨੇ ਮੈਂ ਸਦਾ ਤੇਰੀ ਸਿਫਤ ਕਰਾਂ ਤੇ ਜਦੋਂ ਮੇਰਾ ਆਖਰੀ ਸਮਾਂ ਆ ਜਾਏ ਤਾਂ ਜੰਗ-ਏ-ਮੈਦਾਨ ਵਿਚ ਆਪਣੀ ਜਾਨ ਕੁਰਬਾਨ ਕਰ ਦਵਾਂ।

# GURMUKHI ALPHABET ਗੁਰਮੁਖੀ ਅੱਖਰ

## ੳ

ਊੜਾ

*Ooṛaa*

*u*



ਉਪਾਸ਼ਕ

*Upaashak*

Worshipper

## ਅ

ਐੜਾ

*Aiṛaa*

*a*



ਅਰਦਾਸ

*Ardaas*

Prayer

## ੲ

ਈੜੀ

*Eeṛee*

*i*



ਇਕ ਓਅੰਕਾਰ

*Ik Oankaar*

One Universal Creator

## ਸ

ਸੱਸਾ

*Sassaa*

*s*



ਸਿੱਖ

*Sikh*

Sikh

## ਹ

ਹਾਹਾ

*Haahaa*

*h*



ਹਰਿਮੰਦਰ ਸਾਹਿਬ

*Harimandir Saahib*

Harimandir Sahib

# ਕ

**ਕੱਕਾ**

*Kakkaa*

*k*



**ਕੰਘਾ**

*Kanghaa*

Comb

# ਖ

**ਖੱਖਾ**

*Khakhkhaa*

*kh*



**ਖੰਡਾ**

*Khaṇḍaa*

Double Edged Sword

# ਗ

**ਗੱਗਾ**

*Gaggaa*

*g*



**ਗੁਰਦੁਆਰਾ**

*Gurduara*

Worship place of the Sikhs

# ਘ

**ਘੱਗਾ**

*Ghaggaa*

*gh*



**ਘੁੜਸਵਾਰ**

*Ghuṛ-Savaar*

Horse-Rider

# ਙ

**ਙੰਙਾਂ**

*Agangaa*

*gḥ*

**ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥**

Nannaa Naraasai Kaal Tih Jo Saakat Prabh Keen.

Death seizes him whom the Almighty has made the worshipper of mammon.

ਚ

ਚੱਚਾ

*Chachchaa*

*ch*



ਚਰਖੜੀ

*Charkhaṛee*

Spiked Wheel

ਛ

ਛੱਛਾ

*Chhachhchhaa*

*chh*



ਛੋਟੇ ਸਾਹਿਬਜ਼ਾਦੇ

*Chhote Sahibzade*

Younger Sons of Guru Gobind Singh Ji

ਜ

ਜੱਜਾ

*Jajja*

*j*



ਜਥੇਦਾਰ

*Jathedaar*

Leader of a Group

ਝ

ਝੱਜਾ

*Jhajja*

*jh*



ਝੰਡਾ (ਨਿਸ਼ਾਨ ਸਾਹਿਬ)

*Jhanḍaa (Nishaan Saahib)*

Flag of Sikh Nation

ਞ

ਞੰਞਾ

*Jaṇjaa*

*j*

ਞੰਞਾ ਨਿਕਟਿ ਜੁ ਘਟ ਰਹਿਓ
ਦੂਰਿ ਕਹਾ ਤਜਿ ਜਾਇ ॥

*Jaṇjaa Nikaṭ Ju Ghaṭ Rahio
Door Kahaa Taj Jaae.*

Jaṇjaa : The Almighty abides near thee in thy heart.
Why leave him and go for to seek him ?

ਟ

ਟੈਂਕਾ
*Ṭainkaa*
*ṭ*



ਟਹਿਲ ਸੇਵਾ
*Tahil Sevaa*
*Devoted Service*

ਠ

ਠੱਠਾ
*Ṭhaṭhṭhaa*
*ṭh*



ਠੰਡਾ ਬੁਰਜ
*Ṭhanḍaa Burj*
Cold Tower

ਡ

ਡੱਡਾ
*Ḍaḍḍaa*
*ḍ*



ਡਿਓੜ੍ਹੀ
*Ḍioṛhi*
Gateway

ਢ

ਢੱਡਾ
*Ḍhaḍḍaa*
*ḍh*



ਢਾਡੀ ਜੱਥਾ
*Ḍhaadi Jathaa*
Bard

ਣ

ਣਾਣਾ
*Ṇaaṇaa*
*ṇ*

ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥
*Ṇaaṇa Ran Rootau Nar Nehee Karai .*

Ṇaaṇa : The man engaged in strife should practice perseverence.

| Letter | Name | Picture | Word |
| --- | --- | --- | --- |
| ਤ | ਤੱਤਾ<br>*Tatta*<br>*t* |  | ਤਖ਼ਤ ਸਾਹਿਬ<br>*Takhat Saahib*<br>Eternal Throne |
| ਥ | ਥੱਥਾ<br>*Thaththaa*<br>*th* |  | ਥੜ੍ਹਾ ਸਾਹਿਬ<br>*Thaṛhaa Sahib*<br>Raised Platform |
| ਦ | ਦੱਦਾ<br>*Daddaa*<br>*d* |  | ਦਸਤਾਰ<br>*Dastaar*<br>Turban |
| ਧ | ਧੱਦਾ<br>*Dhadda*<br>*dh* |  | ਧਰਤੀ<br>*Dhartee*<br>Earth |
| ਨ | ਨੱਨਾ<br>*Nannaa*<br>*n* |  | ਨਿਹੰਗ ਸਿੰਘ<br>*Nihang Singh*<br>Nihang Singhs<br>(Guru Ji's Beloved Army) |

# ਪ

**ਪੱਪਾ**

*Pappaa*

*p*



**ਪੰਜ ਪਿਆਰੇ**

*Panj Piaare*

Five Beloved Ones

# ਫ

**ਫੱਫਾ**

*Phaphphaa*

*ph*



**ਫੌਜੀ**

*Phaujee*

Soldier

# ਬ

**ਬੱਬਾ**

*Babbaa*

*b*



**ਬੰਦੀਛੋੜ**

*Bandeechhoṛ*

*Redeemer*

The 6th Guru who got released 52 Hindu rulers from Prison of Gwalior Fort along with him.

# ਭ

**ਭੱਬਾ**

*Bhabbaa*

*bh*



**ਭਗਤ**

*Bhagat*

Devotee of God

# ਮ

**ਮੱਮਾ**

*Mamma*

*m*



**ਮੂਲ ਮੰਤਰ**

*Mool Mantar*

Prime Word of God

ਯ ਰ ਲ ਵ ੜ

**ਯੱਯਾ**

*Yayya*

*y*



**ਯਾਤਰੂ**

*Yaatroo*

Pilgrim

**ਰਾਰਾ**

*Raaraa*

*r*



**ਰਾਗੀ ਜੱਥਾ**

*Raagee Jathaa*

Hymn Singer

**ਲੱਲਾ**

*Lallaa*

*l*



**ਲੰਗਰ**

*Langar*

Community Kitchen

**ਵੱਵਾ**

*Vavvaa*

*v*



**ਵਾਹਿਗੁਰੂ**

*Waheguru*

Wonderous Lord

**ੜਾੜਾ**

*Ṛaaṛaa*

*ṛ*

**ੜਾੜਾ ਗੁਰਮੁਖਿ ੜਾੜਿ ਮਿਟਾਈ ॥**

*Ṛaaṛaa Gurmukh Ṛaaṛ Miṭaaee.*

Ṛaaṛaa : Guru oriented has removed all enmity.

# ਸ਼

**ਸ਼ੱਸ਼ਾ**

*Shashshaa*

*sh*



**ਸ਼ਹੀਦ**

*Shaheed*

Martyr

# ਖ਼

**ਖ਼ੱਖ਼ਾ**

*Khakhkhaa*

*kh*



**ਖ਼ਾਲਸਾ**

*Khalsa*

The Sikh Nation

# ਗ਼

**ਗ਼ੱਗ਼ਾ**

*Gaggaa*

*g*



**ਗ਼ਰੀਬ**

*Gareeb*

Meek

# ਜ਼

**ਜ਼ੱਜ਼ਾ**

*Zazzaa*

*z*



**ਜ਼ਫ਼ਰਨਾਮਾ**

*Zafarnama*

Letter of Victory

# ਫ਼

**ਫ਼ੱਫ਼ਾ**

*Faffa*

*f*



**ਫ਼ਤਹਿ**

*Fateh*

Victory

**ਸਿੱਖ ਵੈਲਫੇਅਰ ਸੋਸਾਇਟੀ**

ਯੂ.ਕੇ. ਦੇ ਮੈਬਰਾਂ ਨੇ ਪਰਮਾਤਮਾ ਵੱਲੋਂ ਬਖਸ਼ੀ ਹੋਈ ਸੁੱਧ ਅਤੇ ਬੁੱਧ ਦੁਆਰਾ ਸਿੱਖ ਧਰਮ ਨੂੰ ਦਰਸਾਉਣ ਦਾ ਇਕ ਛੋਟਾ ਜਿਹਾ ਉਪਰਾਲਾ ਕੀਤਾ ਹੈ। ਜੇਕਰ ਤੁਹਾਡਾ ਕੋਈ ਵੀ ਸੁਝਾਵ ਹੋਵੇ ਤਾਂ ਤੁਸੀ ਸਾਨੂੰ ਈ ਮੇਲ ਰਾਹੀਂ ਭੇਜ ਸਕਦੇ ਹੋ।

***Sikh Welfare Society***

**Email: info@sikhwelfaresociety.co.uk**
**Website: www.sikhwelfaresociety.co.uk**



# Sikh Welfare Society

*"Service with Sacrifice"*

Email: info@sikhwelfaresociety.co.uk
Website: www.sikhwelfaresociety.co.uk

Printed in India by B. Chattar Singh Jiwan Singh, Amritsar. Ph: +91-183-5011003